@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 19 April 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 19 ਅਪ੍ਰੈਲ 2025, 6 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 158, qpatrika@gmail.com ਫੋਨ : 9971359517 www.qaumipatrika.org

ਅਮਰੀਕਾ ਆਪਣੇ ਤੋਂ ਕਮਜ਼ੋਰ ਦੇਸ਼ਾਂ 'ਤੇ ਕਰ ਰਿਹੈ ਥਾਣੇਦਾਰੀ: ਜਗਜੀਤ ਸਿੰਘ ਡੱਲੇਵਾਲ

ਜੈਤੋ 18 ਅਪ੍ਰੈਲ। ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪਿੰਡ ਡੱਲੇਵਾਲਾ ਵਿਖੇ ਚੱਲ ਰਹੇ ਰੋਸ ਮੋਰਚੇ ਤੋਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਚੌਧਰ ਕਾਇਮ ਰੱਖਣ ਵਾਲਾ ਦੇਸ਼ ਅਮਰੀਕਾ ਆਪਣੇ ਤੋਂ ਕਮਜ਼ੋਰ ਮੁਲਕਾਂ 'ਤੇ ਆਪਣੀ ਸਰਦਾਰੀ ਕਾਇਮ ਰੱਖਣ ਲਈ ਥਾਣੇਦਾਰੀ ਕਰਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਇਸੇ ਤਰ੍ਹਾਂ 1994 ਦੇ ਅਪ੍ਰੈਲ ਵਿੱਚ ਵਰਲਡ ਬੈਂਕ ਦੇ ਰਾਹੀਂ ਇਸੇ ਦੇਸ਼ ਨੇ ਤਾਨਾਸ਼ਾਹੀ ਕਰਦਿਆਂ ਥਾਂਹ ਮਰੋੜ ਕੇ ਆਪਣੇ ਤੋਂ ਕਮਜ਼ੋਰ 109 ਮੁਲਕਾਂ ਦੇ ਕਿਸਾਨਾਂ ਦੀ ਖੇਤੀ ਨੂੰ ਬਰਬਾਦ ਕਰਨ ਲਈ ਗੈਟ ਵਰਗੇ ਸਮਝੌਤੇ 'ਤੇ ਦਸਤਖ਼ਤ ਕਰਵਾਏ ਸਨ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਵੱਲੋਂ ਅਮਰੀਕਾ ਦੇ ਦਬਾਅ ਹੇਠ ਦੇਸ਼ ਦੀ ਕਿਸਾਨੀ ਦੇ ਖੇਤਰ ਨੂੰ ਉਜਾੜਨ ਲਈ ਕੋਈ ਵੀ ਸਮਝੌਤਾ ਕੀਤਾ ਗਿਆ ਤਾਂ

ਦੇਸ਼ ਦੇ ਕਿਸਾਨ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਪਿੰਡ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਤਰ ਹੋਏ ਕਿਸਾਨਾਂ ਵੱਲੋਂ ਇੱਕ ਵਿਸ਼ਾਲ ਕਾਨਫਰੰਸ ਵੀ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਜਾ ਚੁੱਕੀ ਹੈ ਅਤੇ ਸਿੱਧੂਪੁਰ ਜਥੇਬੰਦੀ ਵੱਲੋਂ ਭਰਵੀਂ ਮੀਟਿੰਗ ਵੀ ਪਿਛਲੇ ਦਿਨੀਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਗਈ। ਉਨ੍ਹਾਂ ਦੱਸਿਆ ਕਿ ਅੱਜ ਵੀ ਇਸ ਧਰਨੇ ਵਿੱਚ ਲਗਾਤਾਰ 60-70 ਕਿਸਾਨ ਅਤੇ 20-30 ਕਿਸਾਨ ਬੀਬੀਆਂ ਦਿਨ ਰਾਤ ਦੀ ਹਾਜ਼ਰੀ ਦੇ ਰਹੇ ਹਨ। ਜਿਨ੍ਹਾਂ ਦੇ ਰਹਿਣ ਸਹਿਣ ਅਤੇ ਲੰਗਰ ਦੀ ਜ਼ਿੰਮੇਵਾਰੀ ਪਿੰਡ ਡੱਲੇਵਾਲਾ ਦੀ ਸਮੁੱਚੀ ਸੰਗਤ ਵੱਲੋਂ ਨਿਭਾਈ ਜਾ ਰਹੀ ਹੈ। ਪਿੰਡ ਡੱਲੇਵਾਲਾ ਵਿਖੇ ਚੱਲ ਰਹੇ ਮੋਰਚੇ ਵਿੱਚ ਬੀਕੇਯੂ ਏਕਤਾ ਸਿੱਧੂਪੁਰ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ, ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਬੋਹੜ ਸਿੰਘ ਰੁਪਈਆਂ ਵਾਲਾ, ਜ਼ਿਲ੍ਹਾ ਖਜਾਨਚੀ ਗੁਰਾਂਦਿੱਤਾ ਸਿੰਘ ਨੰਬਰਦਾਰ ਬਾਜਾਖਾਨਾ, ਬਲਾਕ ਸਾਦਿਕ ਦੇ ਪ੍ਰਧਾਨ ਨਾਇਬ ਸਿੰਘ ਸ਼ੇਰ ਸਿੰਘ ਵਾਲਾ, ਸੁਖਚਰਨ ਸਿੰਘ ਕਾਲਾ ਪ੍ਰਧਾਨ ਬਲਾਕ ਗੋਲੇਵਾਲਾ, ਛਿੰਦਾ ਸਿੰਘ ਕਾਬਲ ਵਾਲਾ, ਬਾਬਾ ਵੀਰ ਸਿੰਘ ਬਾਜਾਖਾਨਾ, ਗੁਰਪ੍ਰੀਤ ਸਿੰਘ ਸਿੱਧੂ ਵਾੜਾ ਭਾਈਕਾ, ਜਸਪਾਲ ਸਿੰਘ ਸਾਧਾਂਵਾਲਾ, ਇਕਬਾਲ ਸਿੰਘ ਵਾੜਾ ਭਾਈਕਾ, ਗੁਰਪ੍ਰੀਤ ਸਿੰਘ ਮੁਮਾਰਾਂ, ਗੁਰਲਾਲ ਸਿੰਘ, ਗੁਰਾਂਦਿੱਤਾ ਸਿੰਘ, ਮੱਖਣ ਸਿੰਘ ਆਦਿ ਵੱਡੀ ਗਿਣਤੀ ਕਿਸਾਨ ਆਗੂ ਅਤੇ ਕਿਸਾਨ ਬੀਬੀਆਂ ਹਾਜ਼ਰ ਸਨ।

ਧਨਖੜ ਨਾਲ ਅਸਹਿਮਤ, ਅਧਿਕਾਰਾਂ ਦੀ ਰਾਖੀ ਕਰਨ ਵਾਲੀ 'ਪ੍ਰਮਾਣੂ ਮਿਜ਼ਾਈਲ' ਹੈ ਨਿਆਇਕ ਆਜ਼ਾਦੀ : ਸੁਰਜੇਵਾਲਾ

ਨਵੀਂ ਦਿੱਲੀ, 18 ਅਪ੍ਰੈਲ। ਕਾਂਗਰਸ ਦੇ ਜਨਰਲ ਸਕੱਤਰ ਰਣਦੀਪ ਸੁਰਜੇਵਾਲਾ ਨੇ ਨਿਆਂਪਾਲਿਕਾ ਸਬੰਧੀ ਉਪ-ਰਾਸ਼ਟਰਪਤੀ ਜਗਦੀਪ ਧਨਖੜ ਵੱਲੋਂ ਕੀਤੀ ਗਈ ਟਿੱਪਣੀ 'ਤੇ ਸ਼ੁੱਕਰਵਾਰ ਨੂੰ ਅਸਹਿਮਤੀ ਜ਼ਾਹਿਰ ਕੀਤੀ ਅਤੇ ਕਿਹਾ ਕਿ ਨਿਆਇਕ ਆਜ਼ਾਦੀ ਸੱਤਾ 'ਚ ਬੈਠੇ ਲੋਕਾਂ ਦੇ ਮਨਮਰਜ਼ੀ ਦੇ ਕੰਮਾਂ ਤੇ ਫੈਸਲਿਆਂ ਖਿਲਾਫ ਜਨਤਾ ਦੇ ਅਧਿਕਾਰਾਂ ਦੀ ਰਾਖੀ ਕਰਨ ਲਈ ਅਸਲ 'ਚ ਇਕ 'ਪ੍ਰਮਾਣੂ ਮਿਜ਼ਾਈਲ' ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਲੋਕਤੰਤਰ ਵਿਚ ਕੋਈ ਸੰਵਿਧਾਨਕ ਅਹੁਦਾ ਨਹੀਂ, ਸਗੋਂ

ਸੰਵਿਧਾਨ ਸਰਵਉੱਚ ਹੈ। ਰਾਜ ਸਭਾ ਦੇ ਚੇਅਰਮੈਨ ਧਨਖੜ ਨੇ ਵੀਰਵਾਰ ਨੂੰ ਨਿਆਂਪਾਲਿਕਾ ਵੱਲੋਂ ਰਾਸ਼ਟਰਪਤੀ ਦੇ ਫੈਸਲੇ ਲੈਣ ਲਈ ਸਮਾਂ-ਹੱਦ ਤੈਅ ਕਰਨ ਅਤੇ 'ਸੁਪਰ ਸੰਸਦ' ਦੇ ਰੂਪ 'ਚ ਕੰਮ ਕਰਨ ਨੂੰ ਲੈ ਕੇ ਸਵਾਲ ਉਠਾਉਂਦੇ ਹੋਏ ਕਿਹਾ ਸੀ ਕਿ ਸੁਪਰੀਮ ਕੋਰਟ ਲੋਕਤੰਤਰੀ ਤਾਕਤਾਂ 'ਤੇ 'ਪ੍ਰਮਾਣੂ ਮਿਜ਼ਾਈਲ' ਨਹੀਂ ਦਾਗ ਸਕਦਾ। ਸੁਰਜੇਵਾਲਾ ਨੇ 'ਐਕਸ' 'ਤੇ ਪੋਸਟ ਕੀਤਾ, "ਮੈਂ ਮਾਣਯੋਗ ਉਪ-ਰਾਸ਼ਟਰਪਤੀ ਦਾ ਉਨ੍ਹਾਂ ਦੀ ਸਿਆਣਪ ਤੇ ਸ਼ਬਦਾਂ ਦੀ ਚੋਣ, ਦੋਵਾਂ ਲਈ ਬਹੁਤ ਸਨਮਾਨ ਕਰਦਾ ਹਾਂ ਪਰ ਮੈਂ ਉਨ੍ਹਾਂ ਦੇ ਸ਼ਬਦਾਂ ਨਾਲ ਅਸਹਿਮਤ ਹਾਂ।" ਉਨ੍ਹਾਂ ਕਿਹਾ ਕਿ ਰਾਜਪਾਲਾਂ ਤੇ ਰਾਸ਼ਟਰਪਤੀ ਦੀਆਂ ਸ਼ਕਤੀਆਂ 'ਤੇ ਸੰਵਿਧਾਨਕ ਬੰਧਨ ਲਾਉਣ ਵਾਲਾ ਸੁਪਰੀਮ ਕੋਰਟ ਦਾ ਫੈਸਲਾ ਸਮਕਾਲੀ, ਸਟੀਕ ਤੇ ਹਿੰਮਤੀ ਹੈ ਅਤੇ ਇਸ ਧਾਰਨਾ ਨੂੰ ਦਰੁਸਤ ਕਰਦਾ ਹੈ ਕਿ 'ਉੱਚ ਅਹੁਦਿਆਂ 'ਤੇ ਰਹਿਣ ਵਾਲੇ ਲੋਕ ਆਪਣੀਆਂ ਸ਼ਕਤੀਆਂ ਦੀ ਵਰਤੋਂ 'ਚ ਕਿਸੇ ਵੀ ਬੰਧਨ ਜਾਂ ਕੰਟਰੋਲ ਅਤੇ ਸੰਤੁਲਨ ਲਾਉਣ ਤੋਂ ਉੱਪਰ ਹਨ।'

ਪੰਜਾਬ ਸਰਕਾਰ ਦਾ ਵੱਡਾ ਫ਼ੈਸਲਾ, ਮਜ਼ਦੂਰਾਂ ਲਈ ਦਰਾਂ 'ਚ ਵਾਧੇ ਦਾ ਐਲਾਨ

ਸਿੰਮੀ ਕੌਰ ਬੱਬਰ

ਚੰਡੀਗੜ੍ਹ 18 ਅਪ੍ਰੈਲ। ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਹੈ ਕਿ ਮੰਡੀਆਂ ਵਿਚ ਲੋਡਿੰਗ ਦਾ ਕੰਮ ਕਰਨ ਵਾਲੇ ਮਜ਼ਦੂਰ ਵੀ ਖਰੀਦ ਪ੍ਰਕਿਰਿਆ ਦਾ ਅਹਿਮ ਹਿੱਸਾ ਹਨ ਅਤੇ ਇਸ ਲਈ ਉਨ੍ਹਾਂ ਦੀ ਮਜ਼ਦੂਰੀ ਵਧਾ ਕੇ 2.64 ਰੁਪਏ ਪ੍ਰਤੀ ਬੋਰੀ ਕਰ ਦਿੱਤੀ ਗਈ ਹੈ। ਕੈਬਨਿਟ ਮੰਤਰੀ ਨੇ ਅੱਜ ਇੱਥੇ ਅਨਾਜ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਕ+ ਸਾਲ ਪਹਿਲਾਂ ਤੱਕ ਮਜ਼ਦੂਰਾਂ ਨੂੰ ਪ੍ਰਤੀ ਬੋਰੀ 1.80 ਰੁਪਏ ਮਿਲਦੇ ਸਨ, ਜਿਸਨੂੰ 41 ਪੈਸੇ ਵਧਾ ਕੇ 2.21 ਰੁਪਏ ਪ੍ਰਤੀ ਬੋਰੀ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਹੁਣ ਮਜ਼ਦੂਰੀ ਦਰਾਂ ਵਿਚ 43 ਪੈਸੇ ਦਾ ਹੋਰ ਵਾਧਾ ਕਰਨ ਦੇ ਨਾਲ ਇਕ ਸਾਲ ਅੰਦਰ ਮਜ਼ਦੂਰੀ ਦਰਾਂ ਵਿਚ ਕੁੱਲ 84 ਪੈਸੇ ਦਾ ਵਾਧਾ ਕੀਤਾ ਗਿਆ ਹੈ, ਜਿਸ ਨਾਲ ਮਜ਼ਦੂਰਾਂ ਨੂੰ ਕੁੱਲ 10 ਕਰੋੜ ਰੁਪਏ ਦਾ ਲਾਭ ਹੋਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਮੌਜੂਦਾ ਕਦਮ ਮਜ਼ਦੂਰ ਵਰਗ ਦੀ ਭਲਾਈ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਦਾ ਠੋਸ ਸਬੂਤ ਹੈ। ਭੰਡਾਰਨ ਸਮਰੱਥਾ ਦੇ ਸਬੰਧ ਵਿਚ ਕਟਾਰੂਚੱਕ ਨੇ ਦੱਸਿਆ ਕਿ ਸਾਰੇ

ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਕੀਤੀ ਗਈ ਵੀਡੀਓ ਕਾਨਫਰੰਸਿੰਗ ਵਿਚ ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਢੁਕਵੀਂ ਭੰਡਾਰਨ ਸਮਰੱਥਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਅਤੇ ਉਨ੍ਹਾਂ ਨੂੰ ਇਸ ਮੁੱਦੇ 'ਤੇ ਕੋਈ ਮੁਸ਼ਕਿਲ ਨਾ ਆਉਣ ਦਾ ਭਰੋਸਾ ਦਿੱਤਾ ਗਿਆ ਹੈ। ਮੰਤਰੀ ਨੇ ਇਹ ਵੀ ਦੱਸਿਆ ਕਿ ਇਸ ਤੋਂ ਇਲਾਵਾ ਸੂਬੇ 2676 ਖਰੀਦ ਕੇਂਦਰ ਸਥਾਪਤ ਕੀਤੇ ਗਏ ਹਨ ਜਿਨ੍ਹਾਂ ਵਿਚ 1864 ਨਿਯਮਤ ਅਤੇ 812 ਆਰਜ਼ੀ ਹਨ। ਹੁਣ ਤੱਕ ਸੂਬੇ ਦੀਆਂ ਮੰਡੀਆਂ ਵਿਚ 4.19 ਲੱਖ ਮੀਟ੍ਰਿਕ ਟਨ (ਐੱਲ.ਐੱਮ.ਟੀ.) ਕਣਕ ਆ ਚੁੱਕੀ ਹੈ ਅਤੇ ਇਸ ਵਿਚੋਂ 3.22 ਐੱਲ.ਐੱਮ.ਟੀ. ਕਣਕ ਖਰੀਦੀ ਜਾ ਚੁੱਕੀ ਹੈ ਜੋ ਕਿ 76 ਫੀਸਦ ਬਣਦੀ ਹੈ। ਇਸਦੇ ਨਾਲ ਹੀ ਐੱਮ.ਐੱਸ.ਪੀ. ਦੇ ਸਬੰਧ ਵਿਚ 151 ਕਰੋੜ ਰੁਪਏ ਦਾ ਭੁਗਤਾਨ ਵੀ ਕਿਸਾਨਾਂ ਦੇ ਖਾਤਿਆਂ ਵਿਚ ਹੋ ਚੁੱਕਾ ਹੈ। ਸੂਬਾ ਸਰਕਾਰ ਦੀਆਂ ਹੋਰ ਭਲਾਈ ਕੇਂਦਰਿਤ ਪਹਿਲਕਦਮੀਆਂ 'ਤੇ ਧਿਆਨ ਕੇਂਦਰਿਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਤੋਂ ਪਹਿਲਾਂ ਪਹਿਲਾਂ ਡਿਪੂ ਹੋਲਡਰਾਂ ਦੀ ਮਾਰਜਿਨ ਮਨੀ 8 ਸਾਲਾਂ ਬਾਅਦ 50 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 90 ਰੁਪਏ ਪ੍ਰਤੀ ਕੁਇੰਟਲ ਕੀਤੀ ਗਈ ਸੀ। ਕਿਸਾਨਾਂ ਨੂੰ ਭਰੋਸਾ ਦਿਵਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਦੀ ਫਸਲ ਦੇ ਦਾਣੇ-ਦਾਣੇ ਦੀ ਖਰੀਦ ਲਈ ਵਚਨਬੱਧ ਹੈ, ਕਟਾਰੂਚੱਕ ਨੇ ਕਿਹਾ ਕਿ ਖਰੀਦ ਸੀਜ਼ਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਾਰੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

ਕੇਂਦਰ ਸਰਕਾਰ ਦੇ ਫੇਰਬਦਲ ਅਧੀਨ ਅਰਵਿੰਦ ਸ਼ਰੀਵਾਸਤਵ ਨੂੰ ਮਾਲੀਆ ਸਕੱਤਰ ਕੀਤਾ ਗਿਆ ਨਿਯੁਕਤ

ਨਵੀਂ ਦਿੱਲੀ 18 ਅਪ੍ਰੈਲ। ਕੇਂਦਰ ਸਰਕਾਰ ਵਲੋਂ ਸ਼ੁੱਕਰਵਾਰ ਨੂੰ ਉੱਚਰ ਪੱਧਰ 'ਤੇ ਕੀਤੇ ਗਏ ਫੇਰਬਦਲ ਦੇ ਅਧੀਨ ਸੀਨੀਅਰ ਨੌਕਰਸ਼ਾਹ ਅਰਵਿੰਦ ਸ਼?ਰੀਵਾਸਤਵ ਨੂੰ ਨਵਾਂ ਮਾਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਸਾਲ 1994 ਬੈਚ ਦੇ ਕਰਨਾਟਕ ਕੈਡਰ ਦੇ ਭਾਰਤੀ ਪ੍ਰਸ਼ਾਸਨਿਕ ਸੇਵਾ (ਆਈਏਐੱਸ) ਅਧਿਕਾਰੀ ਸ਼?ਰੀਵਾਸਤਵ ਮੌਜੂਦਾ ਸਮੇਂ ਪ੍ਰਧਾਨ ਮੰਤਰੀ ਦਫ਼ਤਰ 'ਚ ਵਧੀਕ ਸਕੱਤਰ ਦੇ ਅਹੁਦੇ 'ਤੇ ਤਾਇਨਾਤ ਹਨ। ਪਰਸੋਨਲ ਮੰਤਰਾਲਾ ਦੇ ਇਕ ਆਦੇਸ਼ 'ਚ ਕਿਹਾ ਗਿਆ ਹੈ ਕਿ ਕੈਬਨਿਟ ਦੀ ਨਿਯੁਕਤੀ ਕਮੇਟੀ (ਏਸੀਸੀ) ਨੇ ਵਿੱਤ ਮੰਤਰਾਲਾ ਦੇ ਮਾਲੀਆ ਵਿਭਾਗ 'ਚ ਸਕੱਤਰ ਵਜੋਂ ਸ਼?ਰੀਵਾਸਤਵ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ 'ਚ ਕਿਹਾ ਗਿਆ ਹੈ ਕਿ ਨਾਗਰਿਕ ਹਵਾਬਾਜ਼ੀ ਸਕੱਤਰ ਵੁਮਲੁਨਮੰਗ ਵੁਅਲਨਮ ਨੂੰ ਖਰਚਾ ਵਿਭਾਗ ਦਾ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਹ ਮਨੋਜ ਗੋਵਿਲ ਦਾ ਸਥਾਨ ਲੈਣਗੇ, ਜਿਨ੍ਹਾਂ ਨੂੰ ਕੈਬਨਿਟ ਸਕੱਤਰੇਤ 'ਚ ਸਕੱਤਰ (ਤਾਲਮੇਲ) ਨਿਯੁਕਤ ਕੀਤਾ ਗਿਆ ਹੈ। ਮੱਧ ਪ੍ਰਦੇਸ਼ ਕੈਡਰ ਦੇ 1994 ਬੈਚ ਦੇ ਆਈਏਐੱਸ ਅਧਿਕਾਰੀ ਵਿਵੇਕ ਅਗਰਵਾਲ ਨੂੰ ਸੰਸਕ੍ਰਿਤ ਮੰਤਰਾਲਾ 'ਚ ਸਕੱਤਰ ਨਿਯੁਕਤ ਕੀਤਾ ਗਿਆ ਹੈ। ਅਗਰਵਾਲ ਮੌਜੂਦਾ ਸਮੇਂ ਮਾਲੀਆ ਵਿਭਾਗ 'ਚ ਵਧੀਕ ਸਕੱਤਰ ਹਨ।

ਲਾਲੂ ਪਰਿਵਾਰ ਵਿਚ ਅੰਦਰੂਨੀ ਕਲੇਸ਼

ਨੈਸ਼ਨਲ ਡੈਸਕ 18 ਅਪ੍ਰੈਲ। ਲੋਕ ਸਭਾ ਮੈਂਬਰ ਮੀਸਾ ਭਾਰਤੀ ਆਪਣੇ ਪਿਤਾ ਲਾਲੂ ਪ੍ਰਸਾਦ ਯਾਦਵ ਦੀ ਥਾਂ ਰਾਜਦ ਪ੍ਰਧਾਨ ਬਣਨਾ ਚਾਹੁੰਦੀ ਹੈ, ਜਿਨ੍ਹਾਂ ਦੀ ਸਿਹਤ ਠੀਕ ਨਹੀਂ ਹੈ। ਹਾਲਾਂਕਿ, ਉਹ ਖੁਦ ਪਰਿਵਾਰ ਦੇ ਹੋਰ ਮੈਂਬਰਾਂ ਨਾਲ 'ਜ਼ਮੀਨ ਦੇ ਬਦਲੇ ਨੌਕਰੀ' ਘਪਲੇ ਵਿਚ ਈ. ਡੀ. ਅਤੇ ਸੀ. ਬੀ. ਆਈ. ਜਾਂਚ ਦਾ ਸਾਹਮਣਾ ਕਰ ਰਹੀ ਹੈ। ਪਰ, ਇਹ ਉੱਚਾ ਅਹੁਦਾ ਪਾਉਣ ਵਿਚ ਕੋਈ ਰੁਕਾਵਟ ਨਹੀਂ ਹੈ। ਉਸ ਦੇ ਛੋਟੇ ਭਰਾ ਤੇਜਸਵੀ ਯਾਦਵ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਹਨ ਅਤੇ ਚੋਟੀ ਦੇ ਅਹੁਦੇ ਦੇ ਦਾਅਵੇਦਾਰ ਹਨ ਪਰ ਮੀਸਾ ਭਾਰਤੀ ਇਹ ਮਨਭਾਉਂਦਾ ਅਹੁਦਾ ਚਾਹੁੰਦੀ ਹੈ ਅਤੇ ਉਸ ਦੇ ਦੂਜੇ ਭਰਾ ਤੇਜ ਪ੍ਰਤਾਪ ਯਾਦਵ ਸਮੇਤ ਹੋਰ ਪਰਿਵਾਰਕ ਮੈਂਬਰਾਂ ਨੇ ਉਸਦਾ ਸਮਰਥਨ ਕੀਤਾ ਹੈ। ਲਾਲੂ ਯਾਦਵ ਇਸ ਸਮੇਂ ਏਮਜ਼ ਵਿਚ ਦਾਖਲ ਹਨ ਅਤੇ ਪਰਿਵਾਰ ਇਸ ਅਹੁਦੇ ਲਈ ਲੜ ਰਿਹਾ ਹੈ ਪਰ, ਤੇਜਸਵੀ ਨੇ ਆਪਣੇ ਪੱਤੇ ਨਹੀਂ ਖੋਲ੍ਹੇ ਹਨ ਅਤੇ ਲਾਲੂ ਯਾਦਵ ਨੂੰ ਆਪਣੀ ਲੀਡਰਸ਼ਿਪ 'ਤੇ ਭਰੋਸਾ ਹੈ। ਹਾਲਾਂਕਿ, ਇਕ ਸਮਾਂ ਅਜਿਹਾ ਵੀ ਸੀ ਜਦੋਂ ਮੀਸਾ ਭਾਰਤੀ ਪਰਿਵਾਰ ਦੀ ਲਾਡਲੀ ਸੀ ਪਰ, ਹੁਣ ਸਮਾਂ ਬਦਲ ਗਿਆ ਹੈ ਅਤੇ ਹੁਣ ਲਾਲੂ ਤੇਜਸਵੀ ਪ੍ਰਤੀ ਆਪਣੇ ਪਿਆਰ ਦਾ ਸੰਕੇਤ ਦਿੰਦੇ ਹੋਏ ਚੁੱਪ ਹਨ ਪਰ ਸੀਮਾ ਹਾਰ ਨਹੀਂ ਮੰਨ ਰਹੀ ਹੈ। ਇਹ ਵੀ ਵੱਖਰੀ ਗੱਲ ਹੈ ਕਿ ਪ੍ਰਮੁੱਖ ਅਹੁਦੇ ਲਈ ਅਜਿਹੇ ਦਾਅਵਿਆਂ ਦੇ ਬਾਵਜੂਦ, ਤੇਜਸਵੀ ਯਾਦਵ ਆਪਣੀ ਹਿੰਮਤ ਨਹੀਂ ਹਾਰ ਰਹੇ ਹਨ ਅਤੇ ਬਿਹਾਰ ਦੀ ਲੜਾਈ ਵਿਚ ਸਭ ਤੋਂ ਮੂਹਰੇ ਹਨ। ਕੀ ਤੁਹਾਨੂੰ ਪਤਾ ਹੈ ਕਿ ਬਿਹਾਰ ਵਿਚ ਭਾਜਪਾ ਦੇ ਕਿੰਨੇ ਬੁਲਾਰੇ ਹਨ? ਇਸ ਅੰਕੜੇ 'ਤੇ ਯਕੀਨ ਕਰਨਾ ਹੀ ਹੋਵੇਗਾ। ਬਿਹਾਰ ਵਿਚ ਭਾਜਪਾ ਦੇ 101 ਬੁਲਾਰੇ ਹਨ, ਜਿੱਥੇ ਇਸ ਸਾਲ ਦੇ ਅਖੀਰ ਵਿਚ ਚੋਣਾਂ ਹੋਣੀਆਂ ਹਨ। ਇਹ ਗਿਣਤੀ ਵਧ ਵੀ ਸਕਦੀ ਹੈ ਕਿਉਂ?ਕ ਪਾਰਟੀ ਕਿਸੇ ਧਿਰ ਜਾਂ ਜਾਤ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ। ਇਹ ਵੱਖਰੀ ਗੱਲ ਹੈ ਕਿ ਇੰਨੇ ਸਾਰੇ ਬੁਲਾਰੇ ਹੋਣ ਨਾਲ ਨੁਕਸਾਨ ਹੀ ਹੋਇਆ ਹੈ ਕਿਉਂਕਿ ਉਹ ਆਪਸ ਵਿਚ ਹੀ ਝਗੜਦੇ ਰਹਿੰਦੇ ਹਨ।

ਮਾਇਆਵਤੀ ਕਿਉਂ ਲਿਖ ਰਹੀ ਹੈ ਬਸਪਾ ਦਾ 'ਸ਼ੋਕ ਸੰਦੇਸ਼'?

ਏਜੰਸੀਆਂ

ਨੈਸ਼ਨਲ ਡੈਸਕ 18 ਅਪ੍ਰੈਲ। ਸਿਆਸੀ ਵਿਸ਼ਲੇਸ਼ਕ ਇਸ ਗੱਲ ਲਈ ਹੈਰਾਨ ਹਨ ਕਿ ਮਾਇਆਵਤੀ ਆਪਣੀ ਹੀ ਪਾਰਟੀ ਦਾ 'ਸ਼ੋਕ ਸੰਦੇਸ਼' ਕਿਉਂ ਲਿਖ ਰਹੀ ਹੈ? ਉਹ ਇਹ ਮੰਨਣ ਲਈ ਤਿਆਰ ਨਹੀਂ ਹਨ ਕਿ ਮਾਇਆਵਤੀ ਬਹੁਜਨ ਸਮਾਜ ਪਾਰਟੀ (ਬਸਪਾ) ਨੂੰ ਇਸ ਲਈ ਖਤਮ ਕਰ ਰਹੀ ਹੈ ਕਿਉਂਕਿ ਉਨ੍ਹਾਂ ਦੇ ਭਰਾ ਆਨੰਦ ਕੁਮਾਰ ਤੇ ਪਾਰਟੀ ਵਿਰੁੱਧ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਮਾਮਲੇ ਚੱਲ ਰਹੇ ਹਨ। ਇਹ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਮਾਇਆਵਤੀ ਬਹੁਤ ਦਬਾਅ ਹੇਠ ਹੈ ਕਿਉਂਕਿ ਉਨ੍ਹਾਂ ਨੂੰ ਈ. ਡੀ. ਅਤੇ ਹੋਰ ਕੇਂਦਰੀ ਏਜੰਸੀਆਂ ਵੱਲੋਂ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਸੰਬੰਧੀ ਕਾਰਵਾਈ ਕੀਤੇ ਜਾਣ ਦਾ ਡਰ ਹੈ। ਮਾਇਆਵਤੀ ਦੇ ਭਰਾ ਵਿਰੁੱਧ ਮਾਮਲਾ 2009 'ਚ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ

ਜਾਅਲੀ ਕਾਗਜਾਂ ਰਾਹੀਂ 40 ਲੱਖ ਦਾ ਹੱਦ ਕਰਜਾ ਲੈਣ ਵਾਲੇ 7 ਵਿਅਕਤੀਆਂ ਵਿਰੁੱਧ ਕੇਸ ਦਰਜ

ਫਿਰੋਜਪੁਰ/ਚੰਡੀਗੜ੍ਹ 18 ਅਪ੍ਰੈਲ। ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸਟਾਚਾਰ ਵਿਰੁੱਧ ਜਾਰੀ ਮੁਹਿੰਮ ਦੌਰਾਨ ਮਾਲ ਵਿਭਾਗ ਦੇ ਰਿਕਾਰਡ 'ਚ ਫੇਰਬਦਲ ਕਰ ਕੇ ਜਾਅਲੀ ਜਮਾਂਬੰਦੀਆਂ ਦੇ ਆਧਾਰ 'ਤੇ ਐੱਚ. ਡੀ. ਐੱਫ. ਸੀ. ਬੈਂਕ ਤੋਂ 40 ਲੱਖ ਰੁਪਏ ਦਾ ਖੇਤੀਬਾੜੀ ਹੱਦ ਕਰਜਾ ਹਾਸਲ ਕਰਨ ਦੇ ਦੋਸ਼ 'ਚ 7 ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ। ਨਾਲ ਹੀ ਉਨ੍ਹਾਂ ਵਿਚੋਂ 3 ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਇਸ ਮੁਕੱਦਮੇ ਦੀ ਹੋਰ ਜਾਂਚ ਜਾਰੀ ਹੈ। ਵਿਜੀਲੈਂਸ ਬਿਊਰੋ ਫਿਰੋਜਪੁਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਕੇਸ 'ਚ ਨਵਦੀਪ ਸਿੰਘ ਵਾਸੀ ਪਿੰਡ ਕੋਹਰ ਸਿੰਘ ਵਾਲਾ, ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜਪੁਰ, ਵਿਨੋਦ ਕੁਮਾਰ ਤੇ ਅਮਰਜੀਤ ਸਿੰਘ ਦੋਵੇਂ ਮਾਲ ਪਟਵਾਰੀ, ਹਲਕਾ ਬਹਾਦਰ ਕੇ, ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜਪੁਰ, ਜੋਗਿੰਦਰ ਸਿੰਘ ਉਰਫ ਬਿੱਟੂ, ਸਹਾਇਕ ਮਾਲ ਪਟਵਾਰੀ, ਪਰਮਿੰਦਰ ਸਿੰਘ, ਏ. ਐੱਸ. ਐੱਮ. ਫਰਦ ਕੇਂਦਰ ਗੁਰੂਹਰਸਹਾਏ, ਕੁਲਵਿੰਦਰ ਸਿੰਘ ਰਿਲੇਸ਼ਨਸਿਪ ਮੈਨੇਜਰ, ਐੱਚ. ਡੀ. ਐੱਫ. ਸੀ. ਬੈਂਕ ਬ੍ਰਾਂਚ ਗੁਰੂਹਰਸਹਾਏ, ਜਾਮਨ ਦਵਿੰਦਰ ਸਿੰਘ ਪੁੱਤਰ ਪਿੰਡ ਕੋਹਰ ਸਿੰਘ ਵਾਲਾ, ਜ਼ਿਲ੍ਹਾ ਫਿਰੋਜਪੁਰ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਇਨ੍ਹਾਂ ਮੁਲਜਮਾਂ 'ਚੋਂ ਜੋਗਿੰਦਰ ਸਿੰਘ ਉਰਫ ਬਿੱਟੂ, ਅਮਰਜੀਤ ਸਿੰਘ ਮਾਲ ਪਟਵਾਰੀ ਅਤੇ ਦਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਉਕਤ ਮੁਕੱਦਮਾ ਸ਼ਿਕਾਇਤ ਨੰਬਰ 89/19 ਫਿਰੋਜਪੁਰ ਦੀ ਪੜਤਾਲ ਤੋਂ ਬਾਅਦ ਦਰਜ ਕੀਤਾ ਗਿਆ ਹੈ। ਇਸ ਸ਼ਿਕਾਇਤ ਦੀ ਪੜਤਾਲ ਤੋਂ ਪਾਇਆ ਗਿਆ ਕਿ ਉਕਤ ਨਵਦੀਪ ਸਿੰਘ, ਵਿਨੋਦ ਕੁਮਾਰ ਮਾਲ ਪਟਵਾਰੀ, ਜੋਗਿੰਦਰ ਸਿੰਘ ਉਰਫ ਬਿੱਟੂ ਅਤੇ ਪਰਮਿੰਦਰ ਸਿੰਘ ਏ. ਐੱਸ. ਐੱਮ. ਨੇ ਆਪਸ 'ਚ ਸਾਜ-ਬਾਜ ਹੋ ਕੇ ਮਾਲ ਵਿਭਾਗ ਦੇ ਰਿਕਾਰਡ 'ਚ ਜਾਅਲੀ ਇੰਦਰਾਜ ਕਰ ਕੇ ਫਰਜੀ ਜਮਾਂਬੰਦੀਆਂ

ਤਿਆਰ ਕੀਤੀਆਂ। ਜਿਸ ਦੇ ਅਧਾਰ 'ਤੇ ਸਾਲ 2016 'ਚ ਨਵਦੀਪ ਸਿੰਘ ਦੇ ਨਾਂ ਉਪਰ ਐੱਚ. ਡੀ. ਐੱਫ. ਸੀ. ਬੈਂਕ ਦੇ ਕਰਮਚਾਰੀਆਂ ਨਾਲ ਮਿਲੀਭੁਗਤ ਰਾਹੀਂ 40 ਲੱਖ ਰੁਪਏ ਦੇ ਕਰਜੇ ਦੀ ਲਿਮਟ ਹਾਸਲ ਕਰ ਲਈ। ਬਾਅਦ 'ਚ ਇਸ ਘਪਲੇਬਾਜੀ ਸਬੰਧੀ ਪਤਾ ਲੱਗਣ 'ਤੇ ਬੈਂਕ ਤੋਂ ਇਹ ਹਾਸਲ ਕੀਤੀ ਰਕਮ ਸਾਲ 2019 'ਚ ਜਮ੍ਹਾ ਕਰਵਾ ਦਿੱਤੀ। ਇਸੇ ਤਰ੍ਹਾਂ ਇਕ ਹੋਰ ਜੁਰਮ ਕਰਦਿਆਂ ਨਵਦੀਪ ਸਿੰਘ ਪਿੰਡ ਕੋਹਰ ਸਿੰਘ ਵਾਲਾ ਨੇ ਕੇਨਰਾ ਬੈਂਕ ਫਰੀਦਕੋਟ ਤੋਂ ਕਰਜਾ ਲੈਣ ਲਈ ਸਾਲ 2016 'ਚ ਬੈਂਕ ਨੂੰ ਦਰਖਾਸਤ ਦਿੱਤੀ ਪਰ ਇਸ ਕਰਜੇ ਮੌਕੇ ਐੱਚ. ਡੀ. ਐੱਫ. ਸੀ. ਬੈਂਕ ਗੁਰੂਹਰਸਹਾਏ ਦੇ ਪਾਸ ਆੜ-ਰਹਿਣ ਦਿਖਾਏ ਹੋਏ ਜਮੀਨ ਦੇ ਖਸਰਾ ਨੰਬਰਾਂ ਦੇ ਆਧਾਰ 'ਤੇ ਕੇਸ ਅਪਲਾਈ ਕੀਤਾ ਪਰ ਸੁਰਿੰਦਰ ਕੁਮਾਰ ਕੇਨਰਾ ਬੈਂਕ ਫਰੀਦਕੋਟ ਵੱਲੋਂ ਇਸ ਕਰਜਾ ਮਨਜੂਰ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਉਕਤ ਮੁਲਜਮ ਜੋਗਿੰਦਰ ਸਿੰਘ ਉਰਫ ਬਿੱਟੂ ਨੇ ਆਪਣੇ ਨਾਂ ਉਪਰ 122 ਕਨਾਲ 13 ਮਰਲੇ ਦੀ ਜਾਅਲੀ ਜਮਾਂਬੰਦੀ ਤਿਆਰ ਕਰ ਕੇ ਐਕਸਿਸ ਬੈਂਕ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਤੋਂ 32 ਲੱਖ ਰੁਪਏ ਦੀ ਲੋਨ ਲਿਮਟ ਹਾਸਲ ਕਰਨ ਲਈ ਕੇਸ ਲਾਇਆ ਸੀ। ਬੈਂਕ ਵੱਲੋਂ ਫਿਜੀਕਲ ਵੈਰੀਫਿਕੇਸ਼ਨ ਮੌਕੇ ਜਾਅਲੀ ਜਮਾਂਬੰਦੀਆਂ ਬਾਰੇ ਪਤਾ ਲੱਗਣ ਪਰ ਇਹ ਹੱਦ ਕਰਜਾ ਪਾਸ ਨਹੀਂ ਕੀਤਾ। ਉਪਰੰਤ ਵਿਨੋਦ ਕੁਮਾਰ ਪਟਵਾਰੀ ਦੀ ਬਦਲੀ ਹੋਣ 'ਤੇ ਅਮਰਜੀਤ ਸਿੰਘ ਪਟਵਾਰੀ ਨੇ ਉਕਤ ਚਾਰੋਂ ਵਿਅਕਤੀਆਂ ਵਿਨੋਦ ਕੁਮਾਰ ਪਟਵਾਰੀ, ਜੋਗਿੰਦਰ ਸਿੰਘ ਪ੍ਰਾਈਵੇਟ ਸਹਾਇਕ ਪਟਵਾਰੀ, ਪਰਮਿੰਦਰ ਸਿੰਘ ਏ. ਐੱਸ. ਐੱਮ. ਵੱਲੋਂ ਤਿਆਰ ਕੀਤੀਆਂ ਜਾਅਲੀ ਜਮਾਂਬੰਦੀਆਂ ਤੇ ਦਸਤਾਵੇਜਾਂ ਦਾ ਪਤਾ ਲੱਗਣ ਉਪਰੰਤ ਵੀ ਕਿਸੇ ਮੁਲਜਮ ਖ਼ਿਲਾਫ ਕਾਨੂੰਨੀ ਕਾਰਵਾਈ ਕਰਵਾਉਣ ਦੀ ਬਜਾਏ ਉਨ੍ਹਾਂ ਜਾਅਲੀ ਜਮਾਂਬੰਦੀਆਂ ਦੇ ਇੰਦਰਾਜਾਂ ਦੀ ਦਰੁਸਤਗੀ ਸਬੰਧੀ ਰਪਟ ਫਰਦ-ਬਦਰ ਤਿਆਰ ਕਰ ਕੇ ਹਲਕਾ ਕਾਨੂੰਨਗੋ ਅਤੇ ਤਹਿਸੀਲਦਾਰ ਗੁਰੂਹਰਸਹਾਏ ਪਾਸੋਂ ਮਨਜੂਰ ਕਰਵਾਈਆਂ। ਇਸ ਤੋਂ ਇਲਾਵਾ ਕੁਲਵਿੰਦਰ ਸਿੰਘ ਰਿਲੇਸ਼ਨਸ਼ਿਪ ਮੈਨੇਜਰ, ਐੱਚ. ਡੀ. ਐੱਫ. ਸੀ. ਬੈਂਕ ਬ੍ਰਾਂਚ ਗੁਰੂਹਰਸਹਾਏ ਨੇ ਜਾਅਲੀ ਜਮਾਂਬੰਦੀਆਂ ਵਾਲੀ ਜਮੀਨ ਦੀ ਫਿਜੀਕਲ ਤਸਦੀਕ ਕਰ ਕੇ ਖੇਤੀਬਾੜੀ ਹੱਦ ਕਰਜਾ ਲਿਮਿਟ ਹਾਸਲ ਕਰਨ 'ਚ ਮੁਲਜਮਾਂ ਦੀ ਮਦਦ ਕੀਤੀ। ਇਸੇ ਤਰ੍ਹਾਂ ਜਾਮਨ (ਗਾਰੰਟਰ) ਦਵਿੰਦਰ ਸਿੰਘ ਪਿੰਡ ਕੋਹਰ ਸਿੰਘ ਵਾਲਾ ਨੇ ਨਵਦੀਪ ਸਿੰਘ ਦੀ ਬੈਂਕ ਦੇ ਦਸਤਾਵੇਜਾਂ ਉਪਰ ਝੂਠੀ ਗਰੰਟੀ/ਗਵਾਹੀ ਪਾਈ। ਬੁਲਾਰੇ ਨੇ ਕਿਹਾ ਕਿ ਅਜਿਹਾ ਕਰ ਕੇ ਉਕਤ ਮੁਲਜਮਾਂ ਵਿਰੁੱਧ ਥਾਣਾ ਫਿਰੋਜਪੁਰ ਰੇਂਜ ਵਿਖੇ ਕੇਸ ਦਰਜ ਕਰ ਲਿਆ ਹੈ।

ਤਰਨਤਾਰਨ 'ਚ ਵੱਡੀ ਵਾਰਦਾਤ, ਨਜਾਇਜ ਸਬੰਧਾਂ ਦੇ ਸ਼ੱਕ 'ਚ ਦੋ ਭੈਣਾਂ ਦੇ ਇਕਲੌਤੇ ਭਰਾ ਦਾ ਕਤਲ

ਤਰਨਤਾਰਨ 18 ਅਪ੍ਰੈਲ। ਤਰਨਤਾਰਨ ਦੇ ਪਿੰਡ ਭੈਣੀ ਮੱਟੂਆਂ ਤੋਂ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਨਜਾਇਜ ਸਬੰਧਾਂ ਨੂੰ ਲੈ ਦੋ ਭੈਣਾਂ ਦੇ ਇਕਲੌਤੇ ਭਰਾ ਦਾ ਕਤਲ ਕੀਤਾ ਗਿਆ ਹੈ। ਮ੍ਰਿਤਕ ਦੀ ਪਛਾਣ ਲਵਪ੍ਰੀਤ ਸਿੰਘ ਉਮਰ 20 ਸਾਲ ਪਿੰਡ ਭੈਣੀ ਮੱਟੂਆਂ ਵਜੋਂ ਹੋਈ ਹੈ। ਮ੍ਰਿਤਕ ਦੇ ਪਿੰਡ ਦੇ ਨਿਵਾਸੀ ਗੁਰਜੰਟ ਸਿੰਘ ਨੂੰ ਸ਼ੱਕ ਸੀ ਕਿ ਲਵਪ੍ਰੀਤ ਸਿੰਘ ਦਾ ਉਸ ਦੀ ਪਤਨੀ ਨਾਲ ਨਜਾਇਜ ਸਬੰਧ ਹਨ। ਬੀਤੇ ਕੁਝ ਮਹੀਨਿਆਂ ਤੋਂ ਗੁਰਜੰਟ ਸਿੰਘ ਦੀ ਪਤਨੀ ਆਪਣੇ ਪਤੀ ਨਾਲ ਲੜਾਈ-ਝਗੜਾ ਹੋਣ ਦੇ ਚਲਦਿਆਂ ਆਪਣੇ ਪੇਕੇ ਘਰ ਰਹਿ ਰਹੀ ਸੀ। ਗੁਰਜੰਟ ਸਿੰਘ ਨੂੰ ਛੱਕ ਸੀ ਕਿ ਉਸ ਦੀ ਪਤਨੀ ਆਪਣੇ ਯਾਰ ਲਵਪ੍ਰੀਤ ਸਿੰਘ ਦੇ ਕਹਿਣ ਅਨੁਸਾਰ ਸਹੁਰੇ ਘਰ ਵਾਪਸ ਨਹੀਂ ਆ ਰਹੀ। ਇਸ ਦੌਰਾਨ ਦੋ ਬੱਚਿਆਂ ਦੇ ਪਿਤਾ ਗੁਰਜੰਟ ਸਿੰਘ ਨੇ ਗੁੱਸੇ ਵਿੱਚ ਆ ਬੀਤੇ ਕੱਲ੍ਹ ਦੇਰ ਸਾਮ ਲਵਪ੍ਰੀਤ ਸਿੰਘ ਨੂੰ ਉਸਦੇ ਘਰ ਬਾਹਰ ਮਾਂ ਦੀਆਂ ਅੱਖਾਂ ਸਾਹਮਣੇ ਸਿਰ ਵਿੱਚ ਇੱਟਾਂ ਦੇ ਲਗਾਤਾਰ 9 ਵਾਰ ਕਰਦੇ ਹੋਏ ਮੌਤ ਦੇ ਘਾਟ ਉਤਾਰ ਦਿੱਤਾ। ਗਰੀਬ ਵਰਗ ਨਾਲ ਸਬੰਧਤ ਮ੍ਰਿਤਕ ਦਾ ਥਾਣਾ ਸਦਰ ਤਰਨ ਤਾਰਨ ਦੀ ਪੁਲਸ ਵੱਲੋਂ ਪੋਸਟਮਾਰਟਮ ਕਰਵਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਜਦਕਿ ਮੁਲਜਮ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

ਇਨਸਾਨੀਅਤ ਸ਼ਰਮਸਾਰ, ਮਾਂ ਨੇ ਸੜਕ 'ਤੇ ਸੁੱਟਿਆ ਬੱਚੀ ਦਾ ਭਰੂਣ

ਅਬੋਹਰ 18 ਅਪ੍ਰੈਲ। ਸਥਾਨਕ ਸਿਵਲ ਹਸਪਤਾਲ ਦੇ ਮੇਨ ਗੇਟ ਅਤੇ ਜੈਨ ਹਸਪਤਾਲ ਦੇ ਬਾਹਰ ਅੱਜ ਸਵੇਰੇ ਇੱਕ ਬੱਚੀ ਦਾ ਭਰੂਣ ਬਰਾਮਦ ਹੋਣ ਤੇ ਲੋਕਾਂ ਵਿਚ ਸਨਸਨੀ ਫੈਲ ਗਈ। ਇਸ ਭਰੂਣ ਨੂੰ ਪਹਿਲਾਂ ਹੀ ਕੁਝ ਕੁੱਤਿਆਂ ਨੇ ਖਾ ਲਿਆ ਸੀ, ਜਿਸ ਦਾ ਖੁਲਾਸਾ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਤੋਂ ਹੋਇਆ ਹੈ। ਸੂਚਨਾ ਮਿਲਣ 'ਤੇ ਸਿਟੀ ਥਾਣਾ ਨੰਬਰ 1 ਦੀ ਪੁਲਸ ਅਤੇ ਨਰ ਸੇਵਾ ਨਰਾਇਣ ਸੇਵਾ ਸੰਮਤੀ ਦੇ ਮੁਖੀ ਆਪਣੀ ਟੀਮ ਨਾਲ ਪਹੁੰਚੇ ਅਤੇ ਇਸ ਘਟਨਾ 'ਤੇ ਗੁੱਸਾ ਜ਼ਾਹਰ ਕੀਤਾ ਅਤੇ ਕੰਨਿਆ ਭਰੂਣ ਨੂੰ ਸੁੱਟਣ ਵਾਲਿਆਂ ਖ਼ਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਪੁਲਸ ਨੇ ਭਰੂਣ ਨੂੰ ਪੋਸਟਮਾਰਟਮ ਲਈ ਹਸਪਤਾਲ ਦੇ ਮੁਰਦਾਘਰ ਵਿਚ ਰਖਵਾ ਦਿੱਤਾ ਹੈ। ਜਾਣਕਾਰੀ ਅਨੁਸਾਰ ਹਸਪਤਾਲ ਦੇ ਬਾਹਰ ਬਣੇ ਮੈਡੀਕਲ ਵਾਲਿਆਂ ਨੇ ਇੱਕ ਬੱਚੀ ਦਾ ਭਰੂਣ ਪਿਆ ਦੇਖਿਆ, ਜਿਸ ਨੂੰ ਕੁੱਤਿਆਂ ਨੇ ਨੋਚਿਆ ਹੋਇਆ ਸੀ। ਉਨ੍ਹਾਂ ਨੇ ਭਰੂਣ ਦੀ ਸੂਚਨਾ ਨਰ ਸੇਵਾ ਨਰਾਇਣ ਸੇਵਾ ਸੰਮਤੀ ਦੇ ਮੁਖੀ ਰਾਜੂ ਚਰਾਇਆ ਨੂੰ ਦਿੱਤੀ, ਜਿਨ੍ਹਾਂ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਥਾਣਾ ਨੰਬਰ 1 ਦੀ ਪੁਲਸ ਨੂੰ ਸੂਚਨਾ ਦਿੱਤੀ, ਜਿਸ 'ਤੇ ਸਹਾਇਕ ਸਬ ਇੰਸਪੈਕਟਰ ਬਲਵੀਰ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਆਲੇ-ਦੁਆਲੇ ਦੀ ਪੁੱਛਗਿੱਛ ਕੀਤੀ। ਸੀਸੀਟੀਵੀ ਕੈਮਰਿਆਂ ਦੀ ਜਾਂਚ ਕਰਨ 'ਤੇ ਪਤਾ ਲੱਗਾ ਕਿ ਇਸ ਭਰੂਣ ਨੂੰ ਕੁੱਤਿਆਂ ਨੇ ਕਿਧਰੇ ਚੁੱਕ ਕੇ ਇੱਥੇ ਲਿਆਂਦਾ ਸੀ। ਰਾਜੂ ਚਰਾਇਆ ਨੇ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਜਿਸ ਵੀ ਔਰਤ ਜਾਂ ਨਰਸ ਨੇ ਜਣੇਪੇ ਤੋਂ ਬਾਅਦ ਇਸ ਮਾਸੂਮ ਬੱਚੀ ਦੇ ਭਰੂਣ ਨੂੰ ਸੜਕ 'ਤੇ ਸੁੱਟ ਦਿੱਤਾ ਹੈ, ਉਸ ਦਾ ਪਤਾ ਲਗਾ ਕੇ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਉਸ ਖ਼ਿਲਾਫ਼

ਬੱਚੀ ਦੇ ਕਤਲ ਦਾ ਮਾਮਲਾ ਦਰਜ ਕੀਤਾ ਜਾਵੇ ਕਿਉਂਕਿ ਇਹ ਪੂਰੀ ਤਰ੍ਹਾਂ ਵਿਕਸਤ ਭਰੂਣ ਸੀ। ਉਨ੍ਹਾਂ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਦੀ ਮਦਦ ਲਈ ਹਸਪਤਾਲ ਵਿੱਚ ਪੰਘੂੜਾ ਵੀ ਲਾਇਆ ਸੀ ਪਰ ਲੋਕ ਫਿਰ ਨਵਜੰਮੇ ਬੱਚਿਆਂ ਨੂੰ ਸੜਕਾਂ 'ਤੇ ਮਰਨ ਲਈ ਛੱਡ ਦਿੰਦੇ ਹਨ। ਜੋ ਕਿ ਸਰਾਸਰ ਗਲਤ ਹੈ। ਰਾਜੂ ਚਰਾਇਆ ਨੇ ਕਿਹਾ ਕਿ ਜਦੋਂ ਵੀ ਪੁਲਸ ਕਿਸੇ ਅਣਪਛਾਤੀ ਔਰਤ ਖਿਲਾਫ ਮਾਮਲਾ ਦਰਜ ਕਰ ਲੈਂਦੀ ਹੈ ਤਾਂ ਪੁਲਸ ਚਾਹੇ ਤਾਂ ਪਤਾ ਲਗਾ ਸਕਦੀ ਹੈ ਕਿ ਬੱਚੇ ਦੀ ਡਿਲੀਵਰੀ ਕਿੱਥੇ ਹੋਈ ਅਤੇ ਕਿਸ ਨੇ ਸੁੱਟਿਆ ਕਿਉਂਕਿ ਹਸਪਤਾਲ ਦੀਆਂ ਆਸ਼ਾ ਵਰਕਰਾਂ ਅਤੇ ਏ.ਐੱਨ.ਐੱਮ ਕੋਲ ਸ਼ਹਿਰ ਅਤੇ ਨੇੜਲੇ ਪਿੰਡਾਂ ਵਿੱਚ ਸਾਰੀਆਂ ਗਰਭਵਤੀ ਔਰਤਾਂ ਦੀ ਰਿਪੋਰਟ ਹੁੰਦੀ ਹੈ।

ਟਰੈਕਟਰ-ਟਰਾਲੀ ਦੀ ਲਪੇਟ 'ਚ ਆਏ ਮੋਟਰਸਾਈਕਲ ਸਵਾਰ 3 ਵਿਅਕਤੀ, 2 ਦੀ ਹਾਲਤ ਗੰਭੀਰ

ਅਬੋਹਰ 18 ਅਪ੍ਰੈਲ। ਪਿੰਡ ਕਿੱਲਿਆਂਵਾਲੀ ਕੋਲ ਅੱਜ ਸਵੇਰੇ ਇਕ ਟਰੈਕਟਰ-ਟਰਾਲੀ ਦੀ ਲਪੇਟ 'ਚ ਆਉਣ ਨਾਲ ਮੋਟਰਸਾਈਕਲ ਸਵਾਰ ਤਿੰਨ ਵਿਅਕਤੀ ਗੰਭੀਰ ਤੌਰ 'ਤੇ ਜ਼ਖਮੀ ਹੋ ਗਏ। ਮੌਕੇ 'ਤੇ ਮੌਜੂਦ ਲੋਕਾਂ

ਨੇ ਜਖਮੀ ਵਿਅਕਤੀਆਂ ਨੂੰ ਤੁਰੰਤ ਸਿਵਲ ਹਸਪਤਾਲ ਇਲਾਜ ਲਈ ਦਾਖਲ ਕਰਵਾਇਆ ਗਿਆ, ਜਿਥੇ ਦੋ ਵਿਅਕਤੀਆਂ ਦੀ ਹਾਲਤ ਗੰਭੀਰ ਦੇਖਦੇ ਹੋਏ ਉਨ੍ਹਾਂ ਨੂੰ ਫਰੀਦਕੋਟ ਰੈਫਰ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਹਾਦਸਾ ਇੰਨਾ ਭਿਆਨਕ ਸੀ ਕਿ ਇਕ ਵਿਅਕਤੀ ਦੀ ਲੱਤ ਟੁੱਟ ਗਈ ਅਤੇ ਦੂਜੇ ਦੀ ਲੱਤ ਬੁਰੀ ਤਰ੍ਹਾਂ ਨਾਲ ਕੁਚਲ ਗਈ, ਜਿਸ ਕਾਰਨ ਉਨ੍ਹਾਂ ਨੂੰ ਦੂਜੇ ਹਸਪਤਾਲ ਰੈਫਰ ਕਰਨਾ ਪਿਆ। ਜਾਣਕਾਰੀ ਅਨੁਸਾਰ ਕਿੱਲਿਆਂਵਾਲੀ ਵਾਸੀ ਗਣੇਸ਼, ਗੁਰਮੇਲ ਅਤੇ ਸੰਦੀਪ ਤਿੰਨੋਂ ਮੋਟਰਸਾਈਕਲ 'ਤੇ ਕਿੱਲਿਆਂਵਾਲੀ ਵੱਲ ਜਾ ਰਹੇ ਸਨ ਤਾਂ ਰਸਤੇ 'ਚ ਉਨ੍ਹਾਂ ਦੀ ਟਰੈਕਟਰ-ਟਰਾਲੀ ਨਾਲ ਟੱਕਰ ਹੋ ਗਈ, ਜਿਸ ਕਾਰਨ ਤਿੰਨੋਂ ਸੜਕ 'ਤੇ ਡਿੱਗ ਕੇ ਜ਼ਖਮੀ ਹੋ ਗਏ। ਟਰੈਕਟਰ ਚਾਲਕਾਂ ਨੇ ਆਸ-ਪਾਸ ਦੇ ਲੋਕਾਂ ਦੀ ਮਦਦ ਨਾਲ ਉਹਨਾਂ ਨੂੰ ਹਸਪਤਾਲ ਪਹੁੰਚਾਇਆ। ਜਿਥੇ ਡਾਕਟਰਾਂ ਨੇ ਗਣੇਸ਼ ਅਤੇ ਸੰਦੀਪ ਦੀ ਹਾਲਤ ਨੂੰ ਗੰਭੀਰ ਦੇਖਦੇ ਹੋਏ ਰੈਫਰ ਕਰ ਦਿੱਤਾ ਹੈ।

ਪੁਲਸ ਦੀ ਵਰਦੀ ਪਾ ਕੇ ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਤੋਂ ਸੋਨਾ, ਗੱਡੀਆਂ, ਮੋਬਾਇਲ ਤੇ ਹਥਿਆਰ ਬਰਾਮਦ

ਮਾਛੀਵਾੜਾ ਸਾਹਿਬ 18 ਅਪ੍ਰੈਲ। ਮਾਛੀਵਾੜਾ ਪੁਲਸ ਵਲੋਂ ਪੁਲਸ ਦੀ ਵਰਦੀ ਪਾ ਕੇ ਲੁੱਟਾਂ-ਖੋਹਾਂ ਕਰਨ ਵਾਲੇ ਗ੍ਰਿਫ਼ਤਾਰ ਕੀਤੇ ਗਏ 5 ਮੈਂਬਰੀ ਗਿਰੋਹ ਤੋਂ ਗੱਡੀਆਂ,

ਸੋਨਾ, ਮੋਬਾਇਲ ਫੋਨ ਅਤੇ ਹਥਿਆਰ ਬਰਾਮਦ ਕੀਤੇ ਹਨ ਜਿਸ ਤਹਿਤ 5 ਵਿਅਕਤੀ ਗੁਰਿੰਦਰ ਸਿੰਘ ਵਾਸੀ ਭੱਟੀਆਂ, ਅਕਾਸ਼ਦੀਪ ਸਿੰਘ, ਅਮਰਪ੍ਰੀਤ ਸਿੰਘ, ਹਰਦੀਪ ਸਿੰਘ ਲੱਕੀ ਅਤੇ ਹਰਦੀਪ ਸਿੰਘ ਗੁੱਲੂ ਵਾਸੀਆਨ ਮਾਛੀਵਾੜਾ ਨੂੰ ਨਾਮਜ਼ਦ ਕਰ ਲਿਆ ਹੈ। ਅੱਜ ਪੁਲਸ ਜ਼ਿਲਾ ਖੰਨਾ ਦੇ ਐੱਸ.ਪੀ. (ਡੀ) ਸੌਰਵ ਜਿੰਦਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਐੱਸ.ਐੱਸ.ਪੀ. ਅਵਨੀਤ ਕੌਂਡਲ ਦੇ ਨਿਰਦੇਸ਼ਾਂ ਤਹਿਤ ਮਾੜੇ ਅਨਸਰਾਂ ਨੂੰ ਕਾਬੂ ਕਰ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਇਸ ਮੁਹਿੰਮ ਤਹਿਤ ਉਪ ਪੁਲਸ ਕਪਤਾਨ ਸਮਰਾਲਾ ਤਰਲੋਚਨ ਸਿੰਘ ਦੀ ਅਗਵਾਈ ਹੇਠ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਦੀ ਟੀਮ ਵਲੋਂ ਇਹ ਨਕਲੀ ਵਰਦੀਆਂ ਪਾ ਕੇ ਲੁੱਟ-ਖੋਹ ਕਰਨ ਵਾਲੇ ਗਿਰੋਹ ਦਾ ਪਰਦਾਫ਼ਾਸ ਕੀਤਾ ਗਿਆ ਹੈ। ਐੱਸ.ਪੀ. ਜਿੰਦਲ ਨੇ ਦੱਸਿਆ ਕਿ ਇਹ ਗਿਰੋਹ ਦੇ ਨੌਜਵਾਨਾਂ ਨੇ ਮਾਛੀਵਾੜਾ ਨੇੜਲੇ ਪਿੰਡ ਝੜੌਂਦੀ ਵਿਖੇ ਇਕ ਇਮੀਗ੍ਰੇਸ਼ਨ ਏਜੰਟ ਤੋਂ 2 ਮੋਬਾਇਲ ਤੇ ਉਸਦਾ ਪਰਸ ਖੋਹ ਲਿਆ ਸੀ ਜਿਸ ਵਿਚ ਉਸਦੇ ਬੈਂਕ ਕਾਰਡ ਸਨ। ਇਹ ਗਿਰੋਹ ਗੱਡੀਆਂ 'ਤੇ ਜਾਅਲੀ ਨੰਬਰ ਪਲੇਟਾਂ ਲਗਾ ਵਾਰਦਾਤਾਂ ਨੂੰ ਅੰਜਾਮ ਦਿੰਦਾ ਸੀ ਅਤੇ ਇਸ ਮਾਮਲੇ ਵਿਚ ਪਰਚਾ ਦਰਜ ਕਰਨ ਤੋਂ ਬਾਅਦ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਉਕਤ ਮਾਮਲੇ 'ਚ ਇਨ੍ਹਾਂ 5 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਡੂੰਘਾਈ ਦੌਰਾਨ ਕੀਤੀ ਪੁੱਛਗਿੱਛ ਵਿਚ ਉਨ੍ਹਾਂ ਮੰਨਿਆ ਕਿ ਉਨ੍ਹਾਂ ਮਾਛੀਵਾੜਾ, ਸਮਰਾਲਾ ਤੇ ਹੋਰ ਆਸ-ਪਾਸ ਦੇ 10 ਤੋਂ ਵੱਧ ਇਲਾਕਿਆਂ ਵਿਚ ਵਾਰਦਾਤਾਂ ਨੂੰ ਅੰਜਾਮ ਦਿੱਤਾ। ਇਨ੍ਹਾਂ ਕੋਲੋਂ ਲੋਕਾਂ ਤੋ

ਅਫ਼ੀਮ ਅਤੇ ਨਸ਼ੀਲੀਆਂ ਗੋਲੀਆਂ ਸਮੇਤ 3 ਗ੍ਰਿਫ਼ਤਾਰ

ਬਠਿੰਡਾ 17 ਅਪ੍ਰੈਲ। ਪੁਲਸ ਵਲੋਂ ਵੱਖ-ਵੱਖ ਥਾਵਾਂ ਤੋਂ ਅਫ਼ੀਮ ਅਤੇ ਨਸ਼ੀਲੀਆਂ ਗੋਲੀਆ ਬਰਾਮਦ ਕਰਕੇ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆ ਥਾਣਾ ਬਰਮਲ ਦੇ ਏ. ਐੱਸ. ਆਈ. ਰਣਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਵਲੋਂ ਖੇਤਾ ਸਿੰਘ ਬਸਤੀ ਵਿਖੇ

ਗਸ਼ਤ ਕੀਤੀ ਜਾ ਰਹੀ ਸੀ। ਇਸ ਦੌਰਾਨ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਮੁਲਜ਼ਮ ਮਨਜਿੰਦਰ ਸਿੰਘ ਵਾਸੀ ਖੇਤਾ ਸਿੰਘ ਬਸਤੀ ਨਸ਼ਾ ਵੇਚਦਾ ਹੈ। ਪੁਲਸ ਵਲੋਂ ਸ਼ੱਕ ਦੇ ਆਧਾਰ 'ਤੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋਂ 205 ਗ੍ਰਾਮ ਅਫ਼ੀਮ ਅਤੇ ਕੰਪਿਊਟਰ ਕੰਡਾ ਬਰਾਮਦ ਕੀਤਾ ਹੈ। ਪੁਲਸ ਵਲੋਂ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸੇ ਤਰ੍ਹਾਂ ਥਾਣਾ ਕੈਨਾਲ ਕਾਲੋਨੀ ਦੇ ਏ. ਐੱਸ. ਆਈ. ਰਘਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵਲੋਂ ਰੇਲਵੇ ਕੁਆਰਟਰ ਨਜ਼ਦੀਕ ਗ਼ਸਤ ਕੀਤੀ ਜਾ ਰਹੀ ਸੀ। ਇਸ ਦੌਰਾਨ ਪੁਲਸ ਵਲੋਂ ਇਕ ਮੁਲਜ਼ਮ ਅਮਿਤ ਮਿੱਤਲ ਵਾਸੀ ਪਰਸਰਾਮ ਨਗਰ ਅਤੇ ਸ਼ਿੰਦਰਪਾਲ ਸਿੰਘ ਵਾਸੀ ਕ੍ਰਿਸ਼ਨਾ ਕਾਲੋਨੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ। ਪੁਲਸ ਵਲੋਂ ਮੁਲਜ਼ਮਾਂ ਦੀ ਤਲਾਸ਼ੀ ਦੌਰਾਨ ਉਨ੍ਹਾਂ ਪਾਸੋਂ 3000 ਗੋਲੀਆ ਕਲੋਵੀਡਾਲ ਅਤੇ 40500 ਕੈਪਸੂਲ ਸਿਗਨੇਚਰ ਦੇ ਬਰਾਮਦ ਕੀਤੇ ਹਨ।

ਹਾਦਸੇ 'ਚ ਮਾਰੇ ਗਏ ਨੌਜਵਾਨ ਦੇ ਪਰਿਵਾਰ ਦਾ ਬਿਆਨ, ਸਾਡੇ ਪੁੱਤ ਦਾ ਕਤਲ ਹੋਇਆ

ਮਾਛੀਵਾੜਾ ਸਾਹਿਬ 17 ਅਪ੍ਰੈਲ। ਥਾਣਾ ਕੂੰਮਕਲਾਂ ਅਧੀਨ ਪੈਂਦੇ ਪਿੰਡ ਸੰਘੇ ਦੇ ਵਾਸੀ ਜਗਤਾਰ ਸਿੰਘ ਨੇ ਪੁਲਸ ਕਮਿਸ਼ਨਰ ਲੁਧਿਆਣਾ ਨੂੰ ਸ਼ਿਕਾਇਤ ਦੇ ਕੇ ਇਨਸਾਫ਼ ਦੀ ਗੁਹਾਰ ਲਗਾਈ ਹੈ ਕਿ ਕੁਝ ਦਿਨ ਉਸਦੇ ਪੁੱਤਰ ਮਨਪ੍ਰੀਤ ਸਿੰਘ ਦੀ ਹੋਈ ਮੌਤ ਕੋਈ ਸੜਕ ਹਾਦਸਾ ਨਹੀਂ ਬਲਕਿ ਉਸਦਾ ਕਤਲ ਕੀਤਾ ਗਿਆ ਹੈ ਜਿਸ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇ। ਜਗਤਾਰ ਸਿੰਘ ਨੇ ਅੱਜ ਪੱਤਰਕਾਰਾਂ ਨੂੰ ਦੱਸਿਆ ਕਿ ਉਸਦਾ ਲੜਕਾ ਮਨਪ੍ਰੀਤ ਸਿੰਘ ਇਕ ਪ੍ਰਾਈਵੇਟ ਫੈਕਟਰੀ ਵਿਚ ਕੰਮ ਕਰਦਾ ਸੀ ਅਤੇ ਪਹਿਲਾਂ ਵੀ ਜਦੋਂ ਡਿਊਟੀ ਉਪਰੰਤ 8 ਵਜੇ ਘਰ ਵਾਪਸ ਆਉਂਦਾ ਸੀ ਉਸ 'ਤੇ ਲੁੱਟ, ਖੋਹ ਦੇ ਇਰਾਦੇ ਨਾਲ ਕਈ ਵਾਰ ਹਮਲਾ ਵੀ ਹੋ ਚੁੱਕਾ ਹੈ। ਲੰਘੀਂ 2 ਅਪ੍ਰੈਲ ਨੂੰ ਮਨਪ੍ਰੀਤ ਸਿੰਘ ਤੇ ਉਸਦਾ ਦੋਸਤ ਨਿਰਮਲ ਸਿੰਘ ਰੋਜ਼ਾਨਾ ਦੀ ਤਰ੍ਹਾਂ ਰਾਤ ਨੂੰ ਰੋਟੀ ਖਾ ਕੇ ਸੈਰ ਨੂੰ ਚਲੇ ਗਏ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਮਨਪ੍ਰੀਤ ਸਿੰਘ ਰਵੀਦਾਸੀਆ ਸਮਸ਼ਾਨ ਘਾਟ ਨੇੜੇ ਬੇਹੋਸ਼ੀ ਦੀ ਹਾਲਤ ਵਿਚ ਪਿਆ ਹੈ ਅਤੇ ਉਸਦੇ ਖ਼ੂਨ ਵਗ ਰਿਹਾ ਹੈ ਜਦਕਿ ਉਸਦਾ ਦੋਸਤ ਨਿਰਮਲ ਸਿੰਘ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਮਨਪ੍ਰੀਤ ਸਿੰਘ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ ਜਿੱਥੇ ਉਸਦੀ ਨਾਜ਼ਕ ਹਾਲਤ ਨੂੰ ਦੇਖਦਿਆਂ ਪੀ.ਜੀ.ਆਈ. ਭੇਜ ਦਿੱਤਾ ਗਿਆ। ਪਰਿਵਾਰ ਨੇ ਕਿਹਾ ਕਿ ਡਾਕਟਰਾਂ

ਅਨੁਸਾਰ ਮਨਪ੍ਰੀਤ ਸਿੰਘ ਦੇ ਸਿਰ 'ਤੇ ਕੋਈ ਜ਼ੋਰਦਾਰ ਚੀਜ਼ ਨਾਲ ਵਾਰ ਹੋਣ ਦੀ ਸ਼ੰਕਾ ਹੈ ਜਿਸ ਸਬੰਧੀ ਉਸਦਾ ਆਪ੍ਰੇਸ਼ਨ ਵੀ ਹੋਇਆ ਪਰ 4 ਅਪ੍ਰੈਲ ਨੂੰ ਉਸਦੀ ਇਲਾਜ ਦੌਰਾਨ ਮੌਤ ਹੋ ਗਈ। ਕੂੰਮਕਲਾਂ ਪੁਲਸ ਵਲੋਂ ਉਸ ਨਾਲ ਸੈਰ ਕਰਨ ਗਏ ਦੋਸਤ ਨਿਰਮਲ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਇਹ ਪਰਚਾ ਦਰਜ ਕੀਤਾ ਗਿਆ ਕਿ ਪਿੱਛੋਂ ਆ ਕੇ ਕਿਸੇ ਮੋਟਰਸਾਈਕਲ ਨੇ ਫੇਟ ਮਾਰ ਅਤੇ ਸੜਕ ਹਾਦਸੇ ਵਿਚ ਮਨਪ੍ਰੀਤ ਸਿੰਘ ਦੀ ਜਾਨ ਚਲੀ ਗਈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਦੇ ਲੜਕੇ ਦੀ ਮੌਤ ਸੜਕ ਹਾਦਸਾ ਨਹੀਂ ਬਲਕਿ ਲੁੱਟ, ਖੋਹ ਦੀ ਨੀਅਤ ਨਾਲ ਉਸ 'ਤੇ ਜਾਨਲੇਵਾ ਹਮਲਾ ਕੀਤਾ ਗਿਆ ਜਿਸ ਵਿਚ ਉਸਦੀ ਜਾਨ ਚਲੀ ਗਈ। ਮ੍ਰਿਤਕ ਦੇ ਪਿਤਾ ਜਗਤਾਰ ਸਿੰਘ ਤੇ ਉਸਦੇ ਹੋਰ ਪਰਿਵਾਰਕ ਮੈਂਬਰਾਂ ਨੇ ਲੁਧਿਆਣਾ ਪੁਲਸ ਕਮਿਸ਼ਨਰ ਨੂੰ ਦਰਖ਼ਾਸਤ ਦੇ ਕੇ ਗੁਹਾਰ ਲਗਾਈ ਕਿ ਉਨ੍ਹਾਂ ਦੇ ਪੁੱਤਰ ਦੀ ਮੌਤ ਦੀ ਬਾਰੀਕੀ ਨਾਲ ਜਾਂਚ ਕਰਕੇ ਜੋ ਵੀ ਦੋਸ਼ੀ ਹਨ ਉਨ੍ਹਾਂ ਨੂੰ ਸਖ਼ਤ ਸਜ਼ਾ ਦੇ ਕੇ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇ। ਜਦੋਂ ਇਸ ਸਬੰਧੀ ਥਾਣਾ ਕੂੰਮਕਲਾਂ ਮੁਖੀ ਜਗਦੀਪ ਸਿੰਘ ਗਿੱਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਨਿਰਮਲ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਮਨਪ੍ਰੀਤ ਸਿੰਘ ਦੀ ਮੌਤ ਸਬੰਧੀ ਸੜਕ ਹਾਦਸੇ ਦਾ ਮਾਮਲਾ ਦਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਪਰਿਵਾਰ ਨੂੰ ਉਨ੍ਹਾਂ ਦੇ ਪੁੱਤਰ ਦੀ ਮੌਤ ਸਬੰਧੀ ਕੋਈ ਸ਼ੰਕਾ ਹੈ ਤਾਂ ਪੁਲਸ ਬਾਰੀਕੀ ਨਾਲ ਜਾਂਚ ਕਰੇਗੀ ਅਤੇ ਜੋ ਵੀ ਸੱਚਾਈ ਹੈ ਉਹ ਸਾਹਮਣੇ ਲਿਆਂਦੀ ਜਾਵੇਗੀ।

ਜਥੇਦਾਰ ਬਾਬਾ ਟੇਕ ਸਿੰਘ ਨੇ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਕੀਤੀ ਮੁਲਾਕਾਤ

ਅੰਮ੍ਰਿਤਸਰ 17 ਅਪ੍ਰੈਲ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਬਾਬਾ ਟੇਕ ਸਿੰਘ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਏ। ਇਸ ਦੌਰਾਨ ਉਨ੍ਹਾਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਜਥੇਦਾਰ ਗੜਗੱਜ ਵੱਲੋਂ ਬਾਬਾ ਟੇਕ ਸਿੰਘ ਧਨੌਲਾ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਜਥੇਦਾਰ ਗਿਆਨੀ ਗੜਗੱਜ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਜਥੇਦਾਰ ਬਾਬਾ ਟੇਕ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰ-ਛਾਇਆ ਹੇਠ ਸ਼ੁਰੂ ਕੀਤੀ ਧਰਮ ਪ੍ਰਚਾਰ ਲਹਿਰ 'ਖ਼ੁਆਰ ਹੋਏ ਸਭ ਮਿਲੈਂਗੇ' ਦੀ ਜਿੱਥੇ ਭਰਪੂਰ ਸ਼ਲਾਘਾ ਕੀਤੀ, ਉੱਥੇ ਹੀ ਉਨ੍ਹਾਂ ਨੇ ਆਸ ਜਤਾਈ ਕੇ ਜਥੇਦਾਰ ਗਿਆਨੀ ਗੜਗੱਜ ਇਸੇ ਤਰ੍ਹਾਂ ਤਨ ਮਨ ਨਾਲ ਮਿਹਨਤ ਕਰਦੇ ਹੋਏ ਸਿੱਖੀ ਸਰੂਪ ਨਾਲੋਂ ਟੁੱਟੇ ਪਰਿਵਾਰਾਂ ਨੂੰ ਜੋੜਨ ਲਈ ਚਲਾਈ ਗਈ ਇਸ ਲਹਿਰ ਵਿੱਚ ਜ਼ਰੂਰ ਕਾਮਯਾਬ ਹੋਣਗੇ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਗੁਰਤਿੰਦਰਪਾਲ ਸਿੰਘ, ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ ਵੀ ਹਾਜ਼ਰ ਸਨ।

ਨਗਰ ਨਿਗਮ ਬਠਿੰਡਾ ਨੇ ਟੇਕਓਵਰ ਤੋਂ ਪਹਿਲਾਂ ਸ਼ੁਰੂ ਕੀਤੀਆਂ ਤਿਆਰੀਆਂ

➢ਬਠਿੰਡਾ 18 ਅਪ੍ਰੈਲ। ਬਠਿੰਡਾ ਸ਼ਹਿਰ ਦੀ ਸੀਵਰੇਜ ਅਤੇ ਪਾਣੀ ਸਪਲਾਈ ਪ੍ਰਣਾਲੀ ਨੂੰ ਨਿੱਜੀ ਕੰਪਨੀ 'ਤ੍ਰਿਵੇਣੀ' ਨੂੰ ਟੇਕਓਵਰ ਕਰਨ ਤੋਂ ਪਹਿਲਾਂ ਨਗਰ ਨਿਗਮ ਨੇ ਪੂਰੀ ਤਰ੍ਹਾਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਨਿਗਮ ਨੇ ਪਹਿਲਾ ਕਦਮ ਚੁੱਕਦਿਆਂ ਠੇਕੇ 'ਤੇ ਐਕਸਈਐਨ, ਐੱਸ. ਡੀ. ਓ. ਅਤੇ ਜੇ. ਈ. ਦੀ ਭਰਤੀ ਕਰਨ ਦਾ ਫ਼ੈਸਲਾ ਲਿਆ ਹੈ। ਹਾਲ ਹੀ ਵਿੱਚ ਹੋਈ ਜਨਰਲ ਹਾਊਸ ਮੀਟਿੰਗ ਵਿੱਚ ਇਹ ਪ੍ਰਸਤਾਵ ਬਹੁਮਤ ਨਾਲ ਪਾਸ ਕਰ ਦਿੱਤਾ ਗਿਆ। ਨਿਗਮ ਨੇ ਓਐਂਡਐਮ (ਓਪਰੇਸ਼ਨ ਅਤੇ ਮੈਨਟੇਨੈਂਸ) ਕੰਮਾਂ ਦੀ ਦੇਖਭਾਲ ਅਤੇ ਚਲਾਣ ਉੱਤੇ ਅਗਲੇ ਤਿੰਨ ਸਾਲਾਂ ਵਿੱਚ ਲਗਭਗ 70 ਕਰੋੜ ਰੁਪਏ ਖਰਚਣ ਦੀ ਯੋਜਨਾ ਬਣਾਈ ਹੈ। ਇਹ ਰਕਮ ਤ੍ਰਿਵੇਣੀ ਕੰਪਨੀ ਨੂੰ ਹੁਣ ਤੱਕ ਦਿੱਤੀ ਗਈ ਰਕਮ ਤੋਂ ਲਗਭਗ ਚਾਰ ਗੁਣਾ ਵੱਧ ਹੈ। ਹਾਲਾਂਕਿ ਕੁਝ ਵਿਸ਼ੇਸ਼ ਗਿਆਨੀਆਂ ਨੇ ਇਸ 'ਤੇ ਸਵਾਲ ਚੁੱਕੇ ਪਰ ਜਨਰਲ ਹਾਊਸ ਵਿੱਚ ਵੱਡੀ ਚਰਚਾ ਤੋਂ ਬਿਨਾਂ ਇਹ ਮਨਜ਼ੂਰ ਕਰ ਲਿਆ ਗਿਆ। ਨਗਰ ਨਿਗਮ ਨੇ ਕਿਹਾ

ਕਿ ਉਨ੍ਹਾਂ ਕੋਲ ਤਜਰਬੇਕਾਰ ਸਟਾਫ਼ ਦੀ ਘਾਟ ਹੈ। ਇਸ ਲਈ ਇਹ ਹੇਠਾਂ ਦਿੱਤੇ ਅਧਿਕਾਰੀ ਡੀ. ਸੀ. ਰੇਟ 'ਤੇ ਨਿਯੁਕਤ ਕੀਤੇ ਜਾਣਗੇ 1 ਐਕਸਈਐਨ (ਵਾਟਰ ਸਪਲਾਈ ਅਤੇ ਸੀਵਰੇਜ), 2 ਐੱਸ.ਡੀ.ਓ. (ਸੀਵਰੇਜ), 2 ਐੱਸ.ਡੀ.ਓ. (ਵਾਟਰ ਸਪਲਾਈ), 4 ਜੇ.ਈ. (ਸੀਵਰੇਜ), 2 ਜੇ.ਈ. (ਵਾਟਰ ਸਪਲਾਈ) ਇਨ੍ਹਾਂ ਦੀ ਸਾਲਾਨਾ ਤਨਖਾਹ 'ਤੇ ਕਰੀਬ 1.25 ਕਰੋੜ ਰੁਪਏ ਖਰਚ ਕੀਤੇ ਜਾਣਗੇ। ਨਿਯੁਕਤੀ ਪ੍ਰਕਿਰਿਆ ਆਊਟਸੋਰਸਿੰਗ ਰਾਹੀਂ ਹੋਵੇਗੀ। ਸੀਵਰੇਜ ਅਤੇ ਪਾਣੀ ਦੇ ਬਿੱਲ ਵਸੂਲੀ ਨਿਗਮ ਲਈ ਨਵੀਂ ਚੁਣੌਤੀ ਹੋਵੇਗੀ। ਪਹਿਲਾਂ ਇਹ ਕੰਮ ਤ੍ਰਿਵੇਣੀ ਕੰਪਨੀ ਕਰਦੀ ਸੀ। ਹੁਣ 6 ਕਰਮਚਾਰੀਆਂ ਦੀ ਨਿਯੁਕਤੀ ਕੀਤੀ ਜਾਵੇਗੀ, ਜੋ ਹਰ ਤਿੰਨ ਮਹੀਨੇ ਵਿੱਚ 3000 ਘਰਾਂ ਅਤੇ ਦੁਕਾਨਾਂ ਵਿੱਚ ਬਿੱਲ ਵੰਡਣਗੇ। 70 ਦਿਨਾਂ 'ਚ ਚੱਲਣ ਵਾਲੇ ਇਸ ਕੰਮ 'ਚ ਇਕ ਕਰਮਚਾਰੀ 420 ਬਿੱਲ ਰੋਜ਼ਾਨਾ ਵੰਡੇਗਾ। ਨਿਗਮ ਇਸ 'ਤੇ 10.34 ਲੱਖ ਰੁਪਏ ਖ਼ਰਚੇਗਾ। ਸ਼ਹਿਰ ਦੇ ਵੱਧਦੇ ਆਕਾਰ ਅਤੇ ਨਵੀਆਂ ਕਾਲੋਨੀਆਂ ਦੇ ਨਿਗਮ ਵਿੱਚ ਸ਼ਾਮਲ ਹੋਣ ਕਾਰਨ ਨਿਗਮ ਨੂੰ ਵਾਧੂ ਮੈਨਪਾਵਰ ਦੀ ਲੋੜ ਹੋਵੇਗੀ। ਪਹਿਲੇ ਪੜਾਅ ਵਿੱਚ ਕਰੀਬ 50 ਵਾਰਡਾਂ 'ਚ ਕੰਮ ਸ਼ੁਰੂ ਕੀਤਾ ਜਾਵੇਗਾ। ਭਵਿੱਖ 'ਚ 15 ਤੋਂ 20 ਹੋਰ ਵਾਰਡ ਸ਼ਾਮਲ ਹੋਣ ਦੀ ਸੰਭਾਵਨਾ ਹੈ।

ਭਿਆਨਕ ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ

ਲੁਧਿਆਣਾ 18 ਅਪ੍ਰੈਲ। ਥਾਣਾ ਮਿਹਰਬਾਨ ਦੀ ਪੁਲਸ ਨੇ ਇਕ ਸਕੂਟਰ ਤੇ ਮੋਟਰਸਾਈਕਲ ਚਾਲਕ ਦੇ ਖ਼?ਲਾਫ਼ ਗੈਰ-ਇਰਾਦਾ ਕਤਲ ਦਾ ਮਾਮਲਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਥਾਣੇਦਾਰ ਰਾਧੇਸ਼ਾਮ ਨੇ ਦੱਸਿਆ ਕਿ ਪੁਲਸ ਨੂੰ ਜੱਸਾ ਸਿੰਘ ਵਾਸੀ ਅਮਰਜੀਤ ਕਾਲੋਨੀ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਭਤੀਜਾ ਦਲਵੀਰ ਸਿੰਘ ਆਪਣੇ ਮੋਟਰਸਾਈਕਲ 'ਤੇ ਜਾ ਰਿਹਾ ਸੀ। ਸ਼ਿਕਾਇਤ ਮੁਤਾਬਕ ਇਸ ਦੌਰਾਨ ਉਸ ਦੇ ਸਾਹਮਣਿਓਂ ਇਕ ਸਕੂਟਰ ਤੇ ਮੋਟਰਸਾਈਕਲ 'ਤੇ 2 ਨੌਜਵਾਨ ਤੇਜ਼ ਰਫ਼ਤਾਰ ਨਾਲ ਆ ਰਹੇ ਸਨ, ਜਿਨ੍ਹਾਂ ਨੇ ਉਸ ਦੇ ਭਤੀਜੇ ਦਲਬੀਰ ਸਿੰਘ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਇਸ ਕਾਰਨ ਦਲਬੀਰ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਸਕੂਟਰ ਸਵਾਰ ਮਾਨਵ ਅਤੇ ਮੋਟਰਸਾਈਕਲ ਸਵਾਰ ਸਾਹਿਲ ਦੇ ਖ਼?ਲਾਫ਼ ਮਾਮਲਾ ਦਰਜ ਕਰ ਕੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਵਿਦੇਸ਼ ਭੇਜਣ ਦੇ ਨਾਂ 'ਤੇ 12.50 ਲੱਖ ਰੁਪਏ ਦੀ ਠੱਗੀ

ਬਠਿੰਡਾ 18 ਅਪ੍ਰੈਲ। ਵਿਦੇਸ਼ ਭੇਜਣ ਦੇ ਨਾਂ 'ਤੇ ਇੱਕ ਵਿਅਕਤੀ ਨਾਲ 12.50 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਮੁਲਜ਼ਮ ਖ਼?ਲਾਫ਼ ਥਾਣਾ ਕੋਤਵਾਲੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ, ਹਰਜੀਤ ਸਿੰਘ ਵਾਸੀ ਦਿਉਣ ਨੇ ਕੋਤਵਾਲੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸਨੇ ਮੁਲਜ਼ਮ ਮਨਪ੍ਰੀਤ ਸਿੰਘ ਵਾਸੀ ਰੁਪਾਣਾ ਨਾਲ ਵਿਦੇਸ਼ ਜਾਣ ਬਾਰੇ ਗੱਲ ਕੀਤੀ ਸੀ, ਜਿਸ ਲਈ ਉਸਨੇ ਉਸਨੂੰ ਸਮੇਂ-ਸਮੇਂ 'ਤੇ 12.50 ਲੱਖ ਰੁਪਏ ਦਿੱਤੇ।

ਜਲੰਧਰ 'ਚ ਧੋਖਾਧੜੀ ਦੇ ਨੈੱਟਵਰਕ ਦਾ ਪਰਦਾਫਾਸ਼, ਲੱਖਾਂ ਰੁਪਏ ਦੀ ਨਕਦੀ

ਜਲੰਧਰ 18 ਅਪ੍ਰੈਲ। ਜਲੰਧਰ ਕਮਿਸ਼ਨਰੇਟ ਪੁਲਸ ਨੇ ਇਕ ਵੱਡੇ ਪੱਧਰ 'ਤੇ ਸਾਈਬਰ ਧੋਖਾਧੜੀ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਦੇ ਇਕ ਸਮੂਹ ਨੂੰ ਗ੍ਰਿਫ਼ਤਾਰ ਕੀਤਾ। ਪੁਲਸ ਨੇ ਮੁਲਜ਼ਮਾਂ ਤੋਂ 24 ਲੱਖ ਰੁਪਏ ਦੀ ਨਕਦੀ, 14 ਮੋਬਾਇਲ ਫ਼ੋਨ, ਇਕ ਲੈਪਟਾਪ, 19 ਬੈਂਕ ਪਾਸਬੁੱਕ ਅਤੇ 43 ਏ. ਟੀ. ਐੱਮ. ਕਾਰਡ ਬਰਾਮਦ ਕੀਤੇ। ਵੇਰਵਾ ਸਾਂਝਾ ਕਰਦੇ ਹੋਏ ਸੀ. ਪੀ. ਜਲੰਧਰ ਨੇ ਕਿਹਾ ਕਿ ਪੁਲਸ ਸਟੇਸ਼ਨ ਨਵੀਂ ਬਾਰਾਦਰੀ ਦੀ ਇਕ ਟੀਮ ਨੂੰ ਜਲੰਧਰ ਦੇ ਹੋਟਲ ਐਮ-1 ਵਿੱਚ ਇਕ ਸਾਈਬਰ ਧੋਖਾਧੜੀ ਗਿਰੋਹ ਦੀ ਮੌਜੂਦਗੀ ਬਾਰੇ ਸੂਚਨਾ ਮਿਲੀ ਸੀ। ਸੂਚਨਾ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਪੁਲਸ ਨੇ ਮੌਕੇ 'ਤੇ ਛਾਪਾ ਮਾਰਿਆ ਅਤੇ ਤਿੰਨ ਸ਼ੱਕੀਆਂ ਨੂੰ ਸਫ਼ਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਵਿਅਕਤੀਆਂ ਦੀ ਪਛਾਣ ਵਰੁਣ ਆਂਚਲ ਪੁੱਤਰ ਤਰਲੋਕ ਚੰਦ ਵਾਸੀ ਐੱਚ. ਨੰ. 466, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ, ਅਨਿਲ ਪੁੱਤਰ ਬ੍ਰਿਜ ਮੋਹਨ ਵਾਸੀ ਐੱਚ. ਨੰਬਰ 458, ਮਧੂਬਨ ਕਾਲੋਨੀ, ਜਲੰਧਰ ਅਤੇ ਦੁਧਾਗਰਾ ਰਿਪਲ ਪੁੱਤਰ ਵੱਲਭ ਭਾਈ ਵਾਸੀ ਮੋਰਬੀ ਰੋਡ, ਰਾਜਕੋਟ, ਗੁਜਰਾਤ ਤਲਾਸ਼ੀ ਦੌਰਾਨ ਪੁਲਸ ਨੇ

24 ਲੱਖ ਭਾਰਤੀ ਰੁਪਏ, 14 ਮੋਬਾਇਲ ਫੋਨ, ਇਕ ਲੈਪਟਾਪ, ਵੱਖ-ਵੱਖ ਨਾਵਾਂ 'ਤੇ 19 ਬੈਂਕ ਪਾਸਬੁੱਕਾਂ ਅਤੇ 43 ਏ. ਟੀ. ਐੱਮ. ਕਾਰਡ ਜ਼ਬਤ ਕੀਤੇ, ਜਿਨ੍ਹਾਂ ਨੂੰ ਧੋਖਾਧੜੀ ਵਾਲੀਆਂ ਗਤੀਵਿਧੀਆਂ ਲਈ ਵਰਤਿਆ ਗਿਆ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਪੁਲਸ ਨੇ ਹੋਰ ਪੁੱਛਗਿੱਛ ਲਈ ਤਿੰਨ ਦਿਨਾਂ ਦਾ ਰਿਮਾਂਡ ਪ੍ਰਾਪਤ ਕੀਤਾ ਹੈ। ਸਾਈਬਰ ਧੋਖਾਧੜੀ ਨੈੱਟਵਰਕ ਦੇ ਅੱਗੇ ਅਤੇ ਪਿੱਛੇ ਸਬੰਧਾਂ ਦਾ ਪਤਾ ਲਗਾਉਣ ਲਈ

ਪੱਕੀ ਕਣਕ ਦਾ ਅੱਗ ਤੋਂ ਬਚਾਅ

ਹਰ ਸਾਲ ਅੱਗਜ਼ਨੀ ਦੀਆਂ ਘਟਨਾਵਾਂ 'ਚ ਹਜ਼ਾਰਾਂ ਏਕੜ ਪੱਕੀ ਫ਼ਸਲ ਰਾਖ 'ਚ ਬਦਲ ਜਾਂਦੀ ਹੈ। ਥੋੜ੍ਹੀ ਜਿਹੀ ਅਹਿਤਿਆਤ ਵਰਤ ਕੇ ਇਸ ਵੱਡੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ...

ਕਣਕਾਂ ਪੱਕਣ ਕੇ ਤਿਆਰ ਹੋ ਗਈਆਂ ਹਨ ਤੇ ਕਿਸਾਨਾਂ ਨੇ ਕਾਫ਼ੀ ਹੱਦ ਤਕ ਵਾਢੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਦਿਨਾਂ ਵਿਚ ਕਣਕ ਨੂੰ ਅੱਗ ਲੱਗਣ ਤੋਂ ਬਚਾਉਣ ਲਈ ਕੁਝ ਸਾਵਧਾਨੀਆਂ ਵਰਤਣ ਦੀ ਲੋੜ ਹੈ :

- ਕਣਕ ਦੇ ਖੇਤ ਨੇੜੇ ਅੱਗ ਨਾ ਬਾਲੋ।
- ਜੇ ਕੋਈ ਨੌਕਰ, ਸੀਰੀ, ਪਾਲੀ ਬੀੜੀ-ਸਿਗਰਟ ਦੀ ਵਰਤੋਂ ਕਰਦਾ ਹੈ ਤਾਂ ਉਸ ਨੂੰ ਖੇਤ ਵਿਚ ਅਜਿਹਾ ਕਰਨ ਤੋਂ ਮਨ੍ਹਾਂ ਕਰੋ।
- ਟ੍ਰੈਕਟਰ, ਕੰਬਾਈਨ ਆਦਿ ਦੀ ਬੈਟਰੀ ਵਾਲੀਆਂ ਤਾਰਾਂ ਨੂੰ ਸਪਾਰਕ ਨਾ ਕਰਨ ਦਿਓ। ਖੇਤ ਵਿਚ ਟ੍ਰੈਕਟਰ ਲੈ ਕੇ ਜਾਣ ਤੋਂ ਪਹਿਲਾਂ ਆਟੋ ਇਲੈਕਟ੍ਰੀਸ਼ਨ ਪਾਸੋਂ ਤਾਰਾਂ ਚੰਗੀ ਤਰ੍ਹਾਂ ਮੁਰੰਮਤ ਕਰਵਾ ਲਵੋ।
- ਢਾਣੀਆਂ 'ਚ ਕੰਮ ਕਰਨ ਵਾਲੀਆਂ ਸੁਆਣੀਆਂ ਚੁੱਲ੍ਹੇ-ਚੌਂਕੇ ਦਾ ਕੰਮ ਕਰਨ ਤੋਂ ਬਾਅਦ ਅੱਗ ਨੂੰ ਚੁੱਲ੍ਹੇ 'ਚ ਬਲਦਾ ਨਾ ਛੱਡਣ। ਪਾਣੀ ਦਾ ਛੱਟਾ ਮਾਰ ਕੇ ਅੱਗ ਬੁਝਾ ਦੇਵੋ ਤਾਂ ਜੋ ਹਵਾ ਨਾਲ ਅੱਗ ਉੱਡ ਨਾ ਸਕੇ।
- ਖੇਤ ਨੇੜਲੇ ਖਾਲ, ਡਿੱਗੀਆਂ, ਚੁਬੱਚੇ, ਸਪਰੇਅ ਪੰਪ ਤੇ ਟੈਂਕੀਆਂ ਆਦਿ ਪਾਣੀ ਨਾਲ ਭਰ ਕੇ ਰੱਖੋ।
- ਬਾਂਸ ਜਾਂ ਸੋਟੀ ਨਾਲ ਬਿਜਲੀ ਦੀ ਸਪਲਾਈ ਲਾਈਨ ਨੂੰ ਨਾ ਛੇੜੋ।
- ਖੇਤਾਂ ਵਿਚ ਲੱਗੇ ਟਰਾਂਸਫਾਰਮ ਤੋਂ ਬਿਜਲੀ ਦੀ ਸਪਲਾਈ ਬੰਦ ਕਰਨ ਉਪਰੰਤ ਉਸ ਦੇ ਹੇਠੋਂ ਕੁਝ ਮਰਲੇ ਥਾਂ ਤੋਂ ਫ਼ਸਲ ਪਹਿਲਾਂ ਕੱਟ ਲਵੋ ਤੇ ਆਲੇ-ਦੁਆਲੇ ਦੇ 10 ਮੀਟਰ ਦੇ ਘੇਰੇ ਨੂੰ ਗਿੱਲਾ ਰੱਖੋ ਤਾਂ ਕਿ ਜੇਕਰ ਕੋਈ ਚੰਗਿਆੜੀ ਡਿੱਗ ਪਵੇ ਤਾਂ ਅੱਗ ਲੱਗਣ ਤੋਂ ਬਚਾਅ ਹੋ ਸਕੇ।
- ਦਿਨ ਵੇਲੇ ਖੇਤਾਂ ਵਿਚ ਬਿਜਲੀ ਦੀ ਵਰਤੋਂ ਤੋਂ ਗੁਰੇਜ਼ ਕਰੋ। ਬਿਜਲੀ ਦੀ ਵਰਤੋਂ ਰਾਤ ਵੇਲੇ ਹੀ ਕਰੋ।
- ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਸਿੰਘ ਦਾ ਫੋਨ ਨੰਬਰ ਆਪਣੇ ਕੋਲ ਸੇਵ ਕਰ ਕੇ ਰੱਖੋ ਤਾਂ ਜੋ ਕਿਸੇ ਅਣਹੋਣੀ ਸਮੇਂ ਸਪੀਕਰ ਜ਼ਰੀਏ ਫੌਰੀ ਸਹਾਇਤਾ ਲਈ ਪਿੰਡ ਦੇ ਲੋਕਾਂ ਨੂੰ ਸੂਚਿਤ ਕਰ ਕੇ ਅੱਗ 'ਤੇ ਛੇਤੀ ਕਾਬੂ ਪਾਇਆ ਜਾ ਸਕੇ।
- ਪੁਰਾਣੇ ਟ੍ਰੈਕਟਰ ਜਾਂ ਉਹ ਖੇਤੀ ਮਸ਼ੀਨਰੀ, ਜਿਸ ਤੋਂ ਚੰਗਿਆੜੇ ਨਿਕਲਣ ਦਾ ਡਰ ਹੋਵੇ, ਦੀ ਵਰਤੋਂ ਤੋਂ ਗੁਰੇਜ਼ ਕਰੋ।
- ਲੋੜ ਪੈਣ ਤੇ ਫਾਇਰ-ਬ੍ਰਿਗੇਡ ਨੂੰ ਫੋਨ ਨੰਬਰ 101 'ਤੇ ਇਤਲਾਹ ਦੇਵੋ। •

ਤੇਰੀ ਕਣਕ ਦੀ ਰਾਖੀ ਮੁੰਡਿਆ...

• ਇਬਲੀਸ, *98143-98743*

ਹਾੜੀ ਦੀ ਅਹਿਮ ਫ਼ਸਲ ਕਣਕ ਦੀ ਵਾਢੀ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਇਹ ਉਹ ਦਿਨ ਹੁੰਦੇ ਹਨ, ਜਦੋਂ ਕਿਸਾਨ ਨੂੰ ਕੁਦਰਤੀ ਔਕੜਾਂ ਨਾਲ ਜੂਝਦਿਆਂ ਹੋਇਆਂ ਆਪਣੀ ਫ਼ਸਲ ਨੂੰ ਪਾਲਣ ਦਾ ਫ਼ਿਕਰ ਮੁੱਕ ਜਾਂਦਾ ਹੈ ਅਤੇ ਉਸ ਨੂੰ ਆਪਣੇ ਸੁਪਨਿਆਂ ਨੂੰ ਬੂਰ ਪੈਂਦਾ ਨਜ਼ਰ ਆਉਣ ਲਗਦਾ ਹੈ। ਉਹ ਤੂੜੀ ਤੰਦ ਵੇਚ-ਵੱਟ ਕੇ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ ਦਮਾਮੇ ਮਾਰਦਾ ਹੋਇਆ ਮੇਲਿਆਂ 'ਚ ਸ਼ਾਮਲ ਹੁੰਦਾ ਹੈ, ਭੰਗੜੇ ਪਾਉਂਦਾ ਹੈ, ਧੀ ਦੇ ਵਿਆਹ ਦਾ ਕਾਰਜ ਰਚਾਉਂਦਾ ਹੈ ਤੇ ਆਪਣੀ ਤ੍ਰੀਮਤ ਦੀਆਂ ਨਵੀਂ ਟੂੰਬ ਖ਼ਰੀਦਣ ਦੀਆਂ ਸੱਧਰਾਂ ਪੂਰੀਆਂ ਕਰਦਾ ਹੈ।

1960 ਵਿਚ ਰਿਲੀਜ਼ ਹੋਈ ਫਿਲਮ 'ਦੋ ਲੱਛੀਆਂ' 'ਚ ਸਮਸ਼ਾਦ ਬੇਗਮ ਤੇ ਮੁਹੰਮਦ ਰਫ਼ੀ ਦਾ ਗਾਇਆ ਗੀਤ 'ਤੇਰੀ ਕਣਕ ਦੀ ਰਾਖੀ ਮੁੰਡਿਆ, ਹੁਣ ਮੈਂ ਨਹੀਓਂ ਬਹਿੰਦੀ' ਸੁਣ ਕੇ ਪੁਰਾਣੇ ਪੰਜਾਬ ਦਾ ਦ੍ਰਿਸ਼ ਅੱਖਾਂ ਅੱਗੇ ਮੂਰਤੀਮਾਨ ਹੋ ਜਾਂਦਾ ਹੈ। ਬਲਦਾਂ ਦੇ ਗਲ਼ ਪਾਈਆਂ ਟੱਲੀਆਂ ਦਾ ਸੰਗੀਤ ਫ਼ਿਜ਼ਾ ਵਿਚ ਇਲਾਹੀ ਰੰਗ ਭਰ ਦਿੰਦਾ ਸੀ ਪਰ ਮਸ਼ੀਨੀਕਰਨ ਦੇ ਅਜੋਕੇ ਦੌਰ ਵਿਚ ਵਾਢੀਆਂ ਦਾ ਹੁਸਨ ਹੀ ਗੁਆਚ ਗਿਆ ਹੈ। ਖੇਤੀ ਦੇ ਮਸ਼ੀਨੀਕਰਨ ਤੋਂ ਪਹਿਲਾਂ ਵਾਢੀਆਂ ਦਾ ਦੌਰ ਲਗਪਗ ਇਕ ਮਹੀਨਾ ਚੱਲਦਾ ਸੀ। ਫ਼ਸਲ ਦੀ ਰਾਖੀ ਕਰਨਾ ਵੀ ਇਕ ਵੱਡਾ ਕਾਰਜ ਸੀ। ਕਣਕ ਦੇ ਬੋਹਲ ਲੱਗਣ ਤੋਂ ਬਾਅਦ ਵੀ ਜਦ ਕਿਸਾਨ ਆਪਣੀ ਤ੍ਰੀਮਤ ਜਾਂ ਪ੍ਰੇਮਿਕਾ ਦੀ ਸੱਧਰ ਪੂਰੀ ਕਰਨ ਤੋਂ ਆਨਾਕਾਨੀ ਕਰਦਾ ਨਜ਼ਰ ਆਉਂਦਾ ਤਾਂ ਉਹ ਇਸ ਗੀਤ ਜ਼ਰੀਏ ਨਿਹੋਰਾ ਮਾਰਦੀ :

ਤੇਰੀ ਕਣਕ ਦੀ ਰਾਖੀ ਮੁੰਡਿਆ,
ਹੁਣ ਮੈਂ ਨਹੀਓਂ ਬਹਿੰਦੀ।
ਦਿਲ ਜੇ ਤੇਰਾ ਲੈ ਲਿਆ ਮੈਂ,
ਤੂੰ ਕਹੇਗਾ ਖੂਹ 'ਤੇ ਬਹਿ ਜਾ।
ਨਾਲੇ ਕਹੇਂ ਬਲਦਾਂ ਨੂੰ ਤੋਰੇਂ,
ਨਾਲੇ ਖੇਤਾਂ ਨੂੰ ਪਾਣੀ ਦੇ ਜਾ।
ਓ ਖੇਤਾਂ ਨੂੰ ਪਾਣੀ ਲਾਵਾਂ
ਤਾਂ ਮੇਰੀ ਮਹਿੰਦੀ ਲਹਿੰਦੀ।

ਇਸ ਗੀਤ ਵਿਚ ਪ੍ਰੇਮੀ-ਪ੍ਰੇਮਿਕਾ ਦਾ ਸੰਵਾਦ ਅਤੇ ਨੋਕ-ਝੋਕ ਪੰਜਾਬੀਅਤ ਦੀਆਂ ਸਿਖ਼ਰਾਂ ਨੂੰ ਛੋਹਦਾ ਹੈ। ਇਹ ਛੋਟੇ-ਛੋਟੇ ਰੁੱਸ-ਰਸੇਵਿਆਂ ਤੇ ਪਿਆਰ ਭਰੇ ਨਿਹੋਰਿਆਂ ਦੇ ਬਾਵਜੂਦ ਕਿਸਾਨ ਦੇ ਖੇਤਾਂ 'ਤੇ ਰੱਬ ਵੱਸਦਾ ਸੀ ਅਤੇ ਰੁੱਸੀ ਹੋਈ ਆਪਣੀ ਪ੍ਰੇਮਿਕਾ ਨੂੰ ਮਨਾਉਣ ਲਈ ਕਿਸਾਨ ਜਵਾਬ ਦਿੰਦਾ :

ਤੂੰ ਆਪੇਂ ਤਾਂ ਵੱਢ ਕੇ ਕਣਕਾਂ, ਗੱਡ ਦਿਆਂਗਾ ਮਹਿੰਦੀ।
ਮੇਰੀ ਕਣਕ ਮੋਤੀਆਂ ਵਰਗੀ, ਤੇਰੇ ਪੈਰੀਂ ਪੈਂਦੀ।

ਅੱਜ ਪਿਅਰ ਭਰੀ ਨੋਕ-ਝੋਕ ਦੀ ਥਾਂ ਕਿਸਾਨ ਦੀ ਮਾਨਸਿਕਤਾ ਨੂੰ ਕਰਜ਼ੇ ਦੀ ਕਿਸ਼ਤ, ਤੇਲ ਤੇ ਖਾਦ ਦੀਆਂ ਵਧੀਆਂ ਹੋਈਆਂ ਕੀਮਤਾਂ, ਖੇਤੀ ਤੋਂ ਬੇਮੁੱਖ ਹੋ ਰਹੀ ਨਵੀਂ ਪੀੜ੍ਹੀ ਅਤੇ ਖੇਤੀ ਦੇ 'ਲਾਹੇਵੰਦ' ਤੋਂ 'ਫ਼ਾਹੇਵੰਦ' ਹੋਣ ਦੇ ਫ਼ਿਕਰਾਂ ਨੇ ਮੱਲ ਲਿਆ ਹੈ।

ਪੰਜਾਬ ਤੇ ਕਣਕ ਦੀ ਖੇਤੀ

ਆਰੀਆ ਲੋਕ ਭਾਰਤ ਵਿਚ ਆ ਕੇ ਸਭ ਤੋਂ ਪਹਿਲਾਂ ਸਪਤ-ਸਿੰਧੂ (ਪੰਜਾਬ) ਵਿਚ ਆਬਾਦ ਹੋਏ। ਮੋਹੇਂਜੋਦੜੋ ਦੀ ਸੱਭਿਅਤਾ ਪੰਜਾਬ ਵਿਚ ਆਰੀਅਨ ਲੋਕਾਂ ਦੀ ਆਮਦ ਤੋਂ ਵੀ ਪੁਰਾਣੀ ਹੈ। ਆਰੀਅਨਾਂ ਦੀ ਆਮਦ ਤੋਂ ਵੀ ਪਹਿਲਾਂ ਪੰਜਾਬ ਵਿਚ ਕਣਕ ਦੀ ਖੇਤੀ ਪ੍ਰਚਲਤ ਸੀ। ਧਰਤੀ ਸਦੀਆਂ ਤੋਂ ਮਨੁੱਖ ਦੀ ਭੁੱਖ ਅਤੇ ਹੋਰ ਸੁੱਖ-ਸਹੂਲਤਾਂ ਪੂਰੀਆਂ ਕਰਦੀ ਆਈ ਹੈ। ਕਿਸਾਨ ਧਰਤੀ ਨੂੰ ਮਾਂ ਜਿੰਨਾ ਮੋਹ ਕਰਦਾ ਹੈ। ਇਸ ਦਾ ਜ਼ਿਕਰ ਅਥਰਵ ਵੇਦ ਦੇ 'ਪ੍ਰਿਥਵੀ ਸੂਕਤ' ਵਿਚ ਵੀ ਆਇਆ ਹੈ :

ਮਾਤਾ ਭੂਮਿ ਪੁਤ੍ਰੋਅਹੰ ਪ੍ਰਿਥਿਵਯਾਂ।
ਨਮੋ ਮਾਤ੍ਰੇ, ਪ੍ਰਿਥਿਵਯੈ ਨਮੋ ਮਾਤ੍ਰੇ ਪ੍ਰਿਥਿਵਿਯੈ॥

ਕਣਕ ਦੀ ਫ਼ਸਲ ਮੁੱਢ ਕਦੀਮ ਤੋਂ ਕਿਸਾਨ ਦੀ ਆਰਥਿਕਤਾ ਨੂੰ ਹੁਲਾਰਾ ਦਿੰਦੀ ਆਈ ਹੈ। ਹਰੀ ਕ੍ਰਾਂਤੀ ਦੀ ਆਮਦ ਨੇ ਇਸ ਫ਼ਸਲ ਨਾਲ ਜੁੜੇ ਵਿੱਤੀ ਪਹਿਲੂਆਂ ਨੂੰ ਹੋਰ ਮਜ਼ਬੂਤ ਕੀਤਾ। ਭਾਵੇਂ ਸੌ ਵਿੱਤੀ ਤੇ ਕੁਦਰਤੀ ਆਫ਼ਤਾਂ ਅੱਜ ਵੀ ਕਿਸਾਨ ਦਾ ਰਾਹ ਰੋਕਦੀਆਂ ਹਨ ਪਰ ਉਸ ਦੇ ਪੈਰਾਂ ਨੂੰ ਅੱਜ ਵੀ ਨੱਚਣਾ ਨਹੀ ਭੁੱਲਿਆ, ਧਰਤੀ ਅੱਜ ਵੀ ਉਸ ਲਈ ਮਾਤਾ ਸਮਾਨ ਹੈ:

ਧਰਤੀਏ ਪਿਆਰ ਕਰੇਂਦੀਏ, ਪਰ ਮਾਖਿਉਂ ਦੀ ਰੀਸ।
ਕਣਕੋਂ ਕਣਕ ਵੰਡਾਈਏ, ਦੁੱਧੋਂ ਦੁੱਧ ਅਸੀਸ।

ਇਸ ਤੋਂ ਇਲਾਵਾ ਪੰਜਾਬੀ ਲੋਕ ਗੀਤ "ਬੱਲੀਏ ਕਣਕ ਦੀਏ, ਤੈਨੂੰ ਖਾਣਗੇ ਨਸੀਬਾਂ ਵਾਲੇ" ਇਸ ਫ਼ਸਲ ਦੀ ਹਰਮਨਪਿਆਰਤਾ ਨੂੰ ਦਰਸਾਉਂਦਾ ਹੈ।

ਖੇਤੀ ਤੇ ਵਿੱਤੀ ਔਕੜਾਂ

ਫ਼ਸਲ ਦੀ ਬਿਜਾਈ ਤੋਂ ਲੈ ਕੇ ਵਾਢੀ ਤਕ ਔਰਤਾਂ ਵੀ ਇਸ ਵਿਚ ਬਰਾਬਰ ਯੋਗਦਾਨ ਪਾਉਂਦੀਆਂ ਸਨ। ਇਸੇ ਲਈ ਜਦ ਕਣਕ ਦੀ ਵਾਢੀ ਸ਼ੁਰੂ ਹੁੰਦੀ ਸੀ ਤਾਂ ਕਿਸਾਨ ਦੀ ਤ੍ਰੀਮਤ ਇਸ ਕੰਮ ਵਿਚ ਉਸ ਦਾ ਸਾਥ ਦੇਣ ਲਈ ਆਖਦੀ ਸੀ,

"ਦਾਤੀ ਨੂੰ ਲੁਆ ਦੇ ਘੁੰਗਰੂ, ਵਾਢੀ ਕਰੂੰਗੀ ਬਰੋਬਰ ਤੇਰੇ।" ਖੇਤੀ ਦੇ ਖੇਤਰ ਵਿਚ ਔਰਤਾਂ ਦੀ ਭੂਮਿਕਾ ਨੂੰ ਉਜਾਗਰ ਕਰਦੀ ਹੈ। ਅੱਜ ਵੀ ਵਾਢੀ ਦੇ ਕੰਮ ਵਿਚ ਔਰਤਾਂ ਦਾ ਭਰਪੂਰ ਯੋਗਦਾਨ ਹੈ। ਅਜੋਕੀਆਂ ਕਿਸਾਨ ਔਰਤਾਂ ਭਾਵੇਂ ਅੱਜ ਦਾਤਰੀ ਨਾਲ ਕਣਕ ਦੀ ਵਾਢੀ ਨਹੀ ਕਰਦੀਆਂ ਪਰ ਖੇਤੀਬਾੜੀ ਦੇ ਕੰਮਾਂ ਵਿਚ ਅੱਜ ਵੀ ਉਹ ਭਰਪੂਰ ਯੋਗਦਾਨ ਦੇ ਰਹੀਆਂ ਹਨ। ਇਸੇ ਲਈ ਇਸ ਵਾਰ ਘੱਟੋ ਘੱਟ ਸਮਰਥਨ ਮੁੱਲ ਮੁੱਲ ਤੈਅ ਕਰਦਿਆਂ ਕੇਂਦਰ ਸਰਕਾਰ ਨੇ ਔਰਤਾਂ ਦੇ ਕੰਮ ਦੀ ਉਜ਼ਰਤ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਹੈ, ਜੋ ਸ਼ਲਾਘਾਯੋਗ ਹੈ ਪਰ ਇਸ ਦੇ ਨਾਲ ਵੀ ਕਿਸਾਨ ਪਰਿਵਾਰਾਂ ਦੇ ਪੱਲੇ ਕੁਝ ਜ਼ਿਆਦਾ ਨਹੀ ਪੈ ਰਿਹਾ। ਉਨ੍ਹਾਂ ਦੀ ਕਿਰਤ ਨੂੰ ਬਣਦਾ ਮਾਣ-ਤਾਣ ਦੇਣ ਦੀ ਅਜੇ ਹੋਰ ਲੋੜ ਹੈ। ਸਖ਼ਤ ਮਿਹਨਤ ਦੇ ਬਾਵਜੂਦ ਅਜ ਜਦੋਂ ਕਿਸਾਨ ਆਪਣੀ ਔਰਤ ਦੀ ਗਹਿਣਾ ਖ਼ਰੀਦਣ ਦੀ ਖ਼ਾਹਿਸ਼ ਪੂਰੀ ਨਹੀ ਕਰ ਪਾਉਂਦਾ ਤਾਂ ਸਦੀਆਂ ਪੁਰਾਣਾ ਮਿਹਣਾ ਅੱਜ ਵੀ ਉਸ ਦੇ ਸੀਨੇ 'ਚ ਬਰਛੀ ਵਾਂਗ ਵੱਜਦਾ ਹੈ - "ਮੁੰਡੇ ਮਰ ਗਏ ਕਮਾਈਆਂ ਕਰਦੇ, ਲੱਛੀ ਤੇਰੇ ਬੰਦ ਨਾ ਬਣੇ।"

ਜੰਗ-ਏ-ਆਜ਼ਾਦੀ ਤੇ ਖੇਤੀਬਾੜੀ

ਭਾਰਤ ਦੇ ਸਵਤੰਤਰਤਾ ਸੰਗਰਾਮ ਵੇਲੇ ਜਦੋਂ 1907 ਵਿਚ ਬਰਤਾਨਵੀ ਸਾਮਰਾਜ ਨੇ ਕੌਲੋਨੀ ਬਿੱਲ ਪਾਸ ਕੀਤਾ ਤਾਂ ਇਸ ਦੀ ਵੱਡੀ ਸੱਟ ਪੰਜਾਬ ਦੀ ਕਿਰਸਾਨੀ ਨੂੰ ਵੱਜੀ। ਲਾਲਾ ਲਾਜਪਤ ਰਾਏ ਤੇ ਸਰਦਾਰ ਅਜੀਤ ਸਿੰਘ ਨੇ ਅੰਗਰੇਜ਼ਾਂ ਵਿਰੁੱਧ ਜਾਗ੍ਰਿਤੀ ਲਹਿਰ ਸ਼ੁਰੂ ਕੀਤੀ। ਉਸ ਵੇਲੇ ਬਾਂਕੇ ਦਿਆਲ ਦੇ ਲਿਖੇ ਇਕ ਗੀਤ ਨੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਖੇਤੀ ਨਾਲ ਜੁੜੇ ਆਮ ਲੋਕਾਂ ਨੂੰ ਝੰਜੋੜਿਆ ਤੇ ਸਾਰੀਆਂ ਧਿਰਾਂ ਇਸ ਲਹਿਰ 'ਚ ਸ਼ਾਮਲ ਹੋਈਆਂ। ਬਾਅਦ ਵਿਚ ਇਹ ਲਹਿਰ 'ਪਗੜੀ ਸੰਭਾਲ ਲਹਿਰ' ਵਜੋਂ ਜਾਣੀ ਗਈ।

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ।
ਲੁੱਟ ਲਿਆ ਮਾਲ ਤੇਰਾ, ਕੀਤਾ ਬੇਹਾਲ ਓਏ।

ਆਜ਼ਾਦੀ ਦੇ ਸੱਤ ਦਹਾਕਿਆਂ ਬਾਅਦ ਅੱਜ ਵੀ ਕਿਸਾਨ ਆਪਣੀਆਂ ਮੰਗਾਂ ਲਈ ਪੰਜਾਬ ਵਿਚ ਥਾਂ-ਥਾਂ ਧਰਨੇ ਪ੍ਰਦਰਸ਼ਨ ਕਰ ਰਹੇ ਹਨ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਇੰਨ-ਬਿੰਨ ਲਾਗੂ ਕਰਨ ਦੀ ਮੰਗ ਕਰ ਰਹੇ ਹਨ ਪਰ ਸੱਤਾ 'ਤੇ ਸਜੇ ਆਪਣੇ ਹੀ ਦੇਸ਼ ਦੇ ਲੋਕਾਂ ਅੱਗੇ ਉਨ੍ਹਾਂ ਦੀ ਆਵਾਜ਼ ਜੰਦਰਿਆਂ 'ਚ ਜਕੜੀ ਨਜ਼ਰ ਆ ਰਹੀ ਹੈ।

ਸਿੱਖ ਧਰਮ ਤੇ ਖੇਤੀ ਦੀ ਅਹਿਮੀਅਤ

ਚਾਰ ਉਦਾਸੀਆਂ ਕਰਨ ਤੋਂ ਬਾਅਦ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਦੀ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆ ਵੱਸੇ ਤਾਂ ਉਨ੍ਹਾਂ ਨੇ ਆਪਣੇ ਹੱਥੀ ਖੇਤੀ ਕਰ ਕੇ ਕਿਰਤ ਨੂੰ ਸਤਿਕਾਰਯੋਗ ਥਾਂ ਦਿੱਤੀ। ਗੁਰੂ ਸਾਹਿਬ ਨੇ ਕੁਦਰਤ ਨੂੰ ਅਹਿਮੀਅਤ ਦਿੰਦੇ ਹੋਏ ਆਖਿਆ - "ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤ ਨ ਜਾਈ ਲਖਿਆ।" ਇਸੇ ਤਰ੍ਹਾਂ ਉਨ੍ਹਾਂ ਦੀ ਬਾਣੀ ਵਿਚ ਕਣਕ ਦਾ ਜ਼ਿਕਰ ਵੀ ਬੜੇ ਸਨਮਾਨਯੋਗ ਢੰਗ ਨਾਲ ਆਇਆ ਹੈ, "ਜਤੁ ਸਤੁ ਚਾਵਲ ਦਇਆ ਕਣਕ ਕਹਿ ਪ੍ਰਾਪਤਿ ਪਾਤੀ ਧਾਨੁ।" ਇਸ ਤੋਂ ਪਹਿਲਾਂ ਉਮਰ ਦੇ ਪਹਿਲੇ ਵਰ੍ਹਿਆਂ ਦੌਰਾਨ ਗੁਰੂ ਨਾਨਕ ਸਾਹਿਬ ਨੇ ਆਪਣੀ ਜਨਮ ਭੋਇੰ ਨਨਕਾਣਾ ਸਾਹਿਬ ਵਿਖੇ ਮੱਝਾਂ ਵੀ ਚਾਰੀਆਂ। ਮੱਝਾਂ ਵੱਲੋਂ ਇਕ ਖੇਤ ਨੂੰ ਉਜਾੜ ਦਿੱਤੇ ਜਾਣ 'ਤੇ ਕਿਸਾਨਾਂ ਦੇ ਖੇਤ ਨੂੰ ਮੁੜ ਹਰਿਆ-ਭਰਿਆ ਕਰਨ ਦਾ ਕੌਤਕ ਰਚਿਆ। ਇਸ ਅਸਥਾਨ 'ਤੇ ਅੱਜ ਗੁਰਦੁਆਰਾ 'ਕਿਆਰਾ ਸਾਹਿਬ' ਸੁਸ਼ੋਭਿਤ ਹੈ।

ਅਜੋਕੀ ਖੇਤੀ ਕੁਦਰਤੀ ਆਫ਼ਤਾਂ, ਨਵੀਂ ਪੀੜ੍ਹੀ ਦੀ ਬੇਮੁੱਖਤਾ, ਸਰਕਾਰਾਂ ਦੇ ਅਵੇਸਲੇਪਣ ਤੇ ਮਿਹਨਤ ਦਾ ਸਹੀ ਮੁੱਲ ਨਾ ਮਿਲਣ ਕਾਰਨ ਨਿਘਾਰ ਵੱਲ ਜਾ ਰਹੀ ਹੈ ਪਰ ਸਮੇਂ ਦੀ ਕੋਈ ਵੀ ਸਰਕਾਰ ਕਿਸਾਨ ਦੀ ਬਾਂਹ ਫੜ ਕੇ ਉਸ ਦੇ ਖੇਤਾਂ ਨੂੰ ਹਰਿਆ-ਭਰਿਆ ਕਰਨ ਲਈ ਤਿਆਰ ਨਜ਼ਰ ਨਹੀਂ ਆਉਂਦੀ। •

ਪੰਜਾਬੀ ਸਾਹਿਤ 'ਚ ਕਣਕ ਦਾ ਜ਼ਿਕਰ

ਪੰਜਾਬੀ ਦੇ ਬਹੁਤ ਸਾਰੇ ਲੋਕ ਗੀਤਾਂ ਵਿਚ ਕਣਕ ਦੀ ਖੇਤੀ ਦਾ ਜ਼ਿਕਰ ਮਿਲਦਾ ਹੈ।

ਹਿੰਮਤਪੁਰੇ ਦੇ ਮੁੰਡੇ ਬੰਬਲੇ,
ਸੱਤ ਪੱਤਣਾਂ ਦੇ ਤਾਰੂ।
ਸੂਇਆਂ ਕੱਸੀਆਂ 'ਤੇ ਕਣਕ ਬੀਜਦੇ,
ਛੋਲੇ ਬੀਜਦੇ ਮਾਰੂ।

ਤਨਜ਼ ਦੀ ਤਿੱਖੀ ਤਲਵਾਰ ਨੂੰ ਲੋਕ ਗੀਤਾਂ ਵਰਗੀ ਮਿੱਠੀ ਬੋਲੀ ਦੇ ਮਿਆਨ ਵਿਚ ਰੱਖ ਕੇ ਪੇਸ਼ ਕਰਨਾ ਅਤੇ ਕਣਕ ਦੀ ਤਸ਼ਬੀਹ ਧੀ ਨਾਲ ਪੰਜਾਬ ਦਾ ਕਿਸਾਨ ਹੀ ਦੇ ਸਕਦਾ ਹੈ। ਨ.ਸ.ਦਿਓਲ ਆਪਣੀ ਕਵਿਤਾ ਵਿਚ ਲਿਖਦਾ ਹੈ :

ਕਣਕਾਂ ਦੀ ਖ਼ੁਸ਼ਬੋ ਵੇ ਮਾਹੀਆ,
ਕਣਕਾਂ ਦੀ ਖ਼ੁਸ਼ਬੋ
ਸੀ ਪਾਲੀ ਧੀਆਂ ਵਾਂਗ ਵੇ
ਅੱਜ ਗਈ ਪਰਾਈ ਹੋ।

ਕੰਬਾਈਨ ਨਾਲ ਕਣਕ ਦੀ ਸੁਚੱਜੀ ਕਟਾਈ

• ਬਲਦੇਵ ਡੋਗਰਾ
ਮਹੇਸ ਕੁਮਾਰ ਨਾਰੰਗ

ਕੰਬਾਈਨ ਨਾਲ ਕਣਕ ਦੀ ਕਟਾਈ ਕਰਦੇ ਸਮੇਂ ਉਪਜ ਦੇ ਨੁਕਸਾਨ ਨੂੰ ਰੋਕਣ ਲਈ ਕੰਬਾਈਨ ਨੂੰ ਮਿੱਥੀ ਹੋਈ ਰਫ਼ਤਾਰ 'ਤੇ ਚਲਾਇਆ ਜਾਵੇ। ਕਣਕ ਦੀ ਕਟਾਈ 10-12 ਫ਼ੀਸਦੀ ਨਮੀ 'ਤੇ ਕੀਤੀ ਜਾਵੇ। ਕਟਾਈ ਸਮੇਂ ਕੰਬਾਈਨ ਦੀ ਫਿਰਕੀ ਦੀ ਉਚਾਈ ਅਤੇ ਚਾਲ ਫ਼ਸਲ ਦੀ ਸਥਿਤੀ ਅਨੁਸਾਰ ਸੈੱਟ ਕਰ ਲੈਣੀ ਚਾਹੀਦੀ ਹੈ...

ਪੰਜਾਬ ਵਿਚ ਕਣਕ ਦੀ 75 ਫ਼ੀਸਦੀ ਕਟਾਈ ਕੰਬਾਈਨਾਂ ਨਾਲ ਹੁੰਦੀ ਹੈ। ਬਾਕੀ 25 ਫ਼ੀਸਦੀ ਫ਼ਸਲ ਦੀ ਰੀਪਰ ਨਾਲ ਜਾਂ ਹੱਥਾਂ ਨਾਲ ਕਟਾਈ ਕੀਤੀ ਜਾਂਦੀ ਹੈ। ਇਸ ਤੋਂ ਉਪਰੰਤ ਥਰੈਸਰ ਨਾਲ ਗਹਾਈ ਕੀਤੀ ਜਾਂਦੀ ਹੈ। ਕੰਬਾਈਨਾਂ ਨਾਲ ਕਟਾਈ ਆਮ ਤੌਰ 'ਤੇ ਕਿਰਾਏ 'ਤੇ ਕਰਵਾਈ ਜਾਂਦੀ ਹੈ। ਕਿਰਾਏ ਤੇ ਕੰਮ ਕਰਨ ਵਾਲਿਆਂ ਨੂੰ ਕੰਮ ਨੂੰ

ਐੱਸਡੀਐੱਮ ਵੱਲੋਂ ਅਨਾਜ ਮੰਡੀਆਂ ਅਤੇ ਖਰੀਦ ਕੇਂਦਰਾਂ ਦਾ ਦੌਰਾ

ਰਤੀਆ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਉਪ-ਮੰਡਲ ਮੈਜਿਸਟਰੇਟ ਸੁਰੇਸ਼ ਕੁਮਾਰ ਨੇ ਅੱਜ ਇੱਥੇ ਅਨਾਜ ਮੰਡੀ ਅਤੇ ਖਰੀਦ ਕੇਂਦਰਾਂ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਕਣਕ ਖਰੀਦ ਪ੍ਰਕਿਰਿਆ ਨਾਲ ਸਬੰਧਤ ਕੰਮਾਂ ਦਾ ਨਿਰੀਖਣ ਕੀਤਾ। ਉਨ੍ਹਾਂ ਰਤੀਆ, ਬ੍ਰਾਹਮਣਵਾਲਾ, ਭੂੰਦੜਵਾਸ ਅਤੇ ਬਾੜਾ ਪਿੰਡਾਂ ਦੀਆਂ ਅਨਾਜ ਮੰਡੀਆਂ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਨੂੰ ਕਣਕ ਦੀ ਖਰੀਦ ਅਤੇ ਲਿਫਟਿੰਗ ਦੇ ਢੁਕਵੇਂ ਪ੍ਰਬੰਧਾਂ ਸਬੰਧੀ ਜ਼ਰੂਰੀ ਹਦਾਇਤਾਂ ਦਿੱਤੀਆਂ। ਇਸ ਦੌਰਾਨ ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਸਾਰੀਆਂ ਖਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਉਹ ਮੰਡੀਆਂ ਵਿੱਚੋਂ ਖਰੀਦੀ ਗਈ ਕਣਕ ਦੀ ਲਿਫਟਿੰਗ ਦੇ ਪ੍ਰਬੰਧ ਜਲਦੀ ਤੋਂ ਜਲਦੀ ਕਰਨ, ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿੱਚ ਕੋਈ ਮੁਸ਼ਕਲ ਨਾ ਆਵੇ ਅਤੇ ਮੰਡੀ ਵਿੱਚ ਜਾਮ ਦੀ ਸਥਿਤੀ ਪੈਦਾ ਨਾ ਹੋਵੇ। ਐੱਸਡੀਐੱਮ ਸੁਰੇਸ਼ ਕੁਮਾਰ ਨੇ ਕਿਹਾ ਕਿ ਮੰਡੀਆਂ ਵਿੱਚ ਸਫ਼ਾਈ, ਪੀਣ ਵਾਲਾ ਪਾਣੀ, ਮਾਪ-ਦੰਡ, ਬਿਜਲੀ ਆਦਿ ਸਾਰੀਆਂ ਮੁੱਢਲੀਆਂ ਸਹੂਲਤਾਂ ਨਿਰੰਤਰ ਉਪਲਬਧ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨੂੰ ਕਿਹਾ ਕਿ ਕਿਸਾਨਾਂ ਨੂੰ ਮੰਡੀ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ। ਸਰਕਾਰੀ ਹਦਾਇਤਾਂ ਅਨੁਸਾਰ, ਕਿਸਾਨਾਂ ਨੂੰ ਖਰੀਦੀਆਂ ਗਈਆਂ ਫਸਲਾਂ ਦਾ ਭੁਗਤਾਨ ਨਿਰਧਾਰਤ ਸਮਾਂ ਸੀਮਾ ਵਿੱਚ ਕੀਤਾ ਜਾਣਾ ਚਾਹੀਦਾ ਹੈ।

ਅਨਾਜ ਮੰਡੀਆਂ ਅਤੇ ਖਰੀਦ ਕੇਂਦਰਾਂ ਵਿੱਚ ਸਾਫ਼ ਪੀਣ ਵਾਲੇ ਪਾਣੀ, ਬਿਜਲੀ ਅਤੇ ਪਖਾਨਿਆਂ ਦੇ ਢੁਕਵੇਂ ਪ੍ਰਬੰਧ ਹੋਣੇ ਚਾਹੀਦੇ ਹਨ। ਉਨ੍ਹਾਂ ਮਜ਼ਦੂਰਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਇਸ ਮੌਕੇ ਉਨ੍ਹਾਂ ਨਾਲ ਕਈ ਅਧਿਕਾਰੀ ਵੀ ਮੌਜੂਦ ਸਨ।ਵਧੀਕ ਡਿਪਟੀ ਕਮਿਸ਼ਨਰ ਸੋਨੂੰ ਭੱਟ ਨੇ ਕਿਹਾ ਹੈ ਕਿ ਸਾਰੇ ਐੱਸਡੀਐੱਮ ਕਣਕ ਦੇ ਸੀਜ਼ਨ ਦੌਰਾਨ ਮੰਡੀਆਂ ਦਾ ਨਿਯਮਤ ਤੌਰ 'ਤੇ ਨਿਰੀਖਣ ਕਰਨਗੇ ਤੇ ਇਹ ਯਕੀਨੀ ਬਣਾਉਣਗੇ ਕਿ ਕਣਕ ਦੀ ਲਿਫਟਿੰਗ ਦਾ ਕੰਮ ਤੇਜ਼ ਰਫਤਾਰ ਨਾਲ ਹੋਵੇ।

ਇਸ ਮਾਮਲੇ ਵਿਚ ਲਾਪ੍ਰਵਾਹੀ ਬਰਦਾਸ਼ਤ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਚਲ ਰਹੇ ਸੀਜ਼ਨ ਵਿਚ 15 ਅਪਰੈਲ ਤੱਕ ਵੱਖ-ਵੱਖ ਏਜੰਸੀਆਂ ਨੇ 2 ਲੱਖ 32 ਹਜ਼ਾਰ 641 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਇਸ ਵਿੱਚ 23 ਫ਼ੀਸਦ ਲਿਫਟਿੰਗ ਦਾ ਕੰਮ ਪੂਰਾ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਖਰੀਦ ਦਾ ਕੰਮ ਸੁਚਾਰੂ ਢੰਗ ਨਾਲ ਚਲ ਰਿਹਾ ਹੈ ਕਿਸੇ ਵੀ ਕਿਸਾਨ, ਵਪਾਰੀ ਨੂੰ ਕਿਸੇ ਤਰ੍ਹਾਂ ਦੀ ਸੱਮਸਿਆ ਨਹੀਂ ਆਉਣ ਦਿੱਤੀ ਜਾਏਗੀ।

ਆਨਲਾਈਨ ਰੀਲ ਬਣਾਉਣ 'ਚ ਵੰਸ਼ਿਕਾ ਅੱਵਲ

ਸ਼ਾਹਬਾਦ ਮਾਰਕੰਡਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਆਰੀਆ ਕੰਨਿਆ ਕਾਲਜ ਵਿੱਚ ਕਰੀਏਟਿਵ ਆਨਲਾਈਨ ਰੀਲ ਮੇਕਿੰਗ ਮੁਕਾਬਲਾ ਜਲ ਸੰਭਾਲ ਕਮੇਟੀ ਵੱਲੋਂ ਕਰਾਇਆ ਗਿਆ। ਕਾਲਜ ਦੀ ਪ੍ਰਿੰਸੀਪਲ ਡਾ ਆਰਤੀ ਤਰੇਹਨ ਨੇ ਇਸ ਜਲ ਸੰਭਾਲ ਪ੍ਰੋਗਰਾਮ ਦੀ ਪ੍ਰਸ਼ੰਸ਼ਾ ਕਰਦਿਆਂ ਕਿਹਾ ਕਿ ਅੱਜ ਦਾ ਯੁੱਕ ਤਕਨਾਲੋਜੀ ਦਾ ਹੈ। ਇਸ ਲਈ ਰੀਲਾਂ ਬਣਾਉਣਾ ਵੀ ਨੌਜਵਾਨਾਂ ਦਾ ਪਸੰਦੀਦਾ ਵਿਸ਼ਾ ਹੈ। ਵਿਦਿਆਰਥਣਾਂ ਰੀਲ ਮੇਕਿੰਗ ਰਾਹੀਂ ਵਧੀਆ ਪ੍ਰਦਰਸ਼ਨ ਕਰਕੇ ਸਮਾਜ ਵਿਚ ਪਾਣੀ ਦੀ ਸੰਭਾਲ ਪ੍ਰਤੀ ਜਾਗਰੂਕਤਾ ਫੈਲਾ ਸਕਦੀਆਂ ਹਨ। ਜਲ ਸੰਭਾਲ ਕਮੇਟੀ ਦੀ ਕਨਵੀਨਰ ਡਾ. ਮੁਮਤਾਜ ਨੇ ਕਿਹਾ ਕਿ ਪਾਣੀ ਸੰਭਾਲ ਅਜੋਕੇ ਸਮੇਂ ਦੀ ਸਭ ਤੋਂ ਮਹੱਤਵਪੂਰਨ ਲੋੜ ਹੈ । ਅੱਜ ਦੁਨੀਆ ਦੇ ਕਈ ਦੇਸ਼ ਪਾਣੀ ਦੇ ਸੰਕਟ ਨਾਲ ਜੂਝ ਰਹੇ ਹਨ। ਸਮੇਂ ਦੀ ਲੋੜ ਨੂੰ ਸਮਝਦੇ ਹੋਏ ਕਾਲਜ ਦੀਆਂ ਵਿਦਿਆਰਥਣਾਂ ਨੇ ਸ਼ੋਸ਼ਲ ਮੀਡੀਆ ਰਾਹੀਂ ਲੋਕਾਂ ਵਿਚ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਹੈ ਤਾਂ ਜੋ ਲੋਕਾਂ ਨੂੰ ਪਾਣੀ ਦੀ ਸਹੀ ਵਰਤੋਂ ਕਰਨ ਲਈ ਜਾਗਰੂਕ ਕੀਤਾ ਜਾਏ ਜੋ ਕਿ ਇਕ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਜੇ ਪਾਣੀ ਦੀ ਸਹੀ ਸੰਭਾਲ ਨਾ ਕੀਤੀ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਲਈ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਉਨਾਂ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਵਿਭਾਗਾਂ ਦੀਆਂ 30 ਵਿਦਿਆਰਥਣਾਂ ਨੇ ਹਿੱਸਾ ਲਿਆ। ਜੱਜਾਂ ਦੀ ਭੂਮਿਕਾ ਡਾ. ਪੂਨਮ ਸਿਵਾਚ ਤੇ ਪ੍ਰੋ. ਰਿਤੂ ਮਿੱਤਲ ਕੰਪਿਊਟਰ ਵਿਭਾਗ ਨੇ ਨਿਭਾਈ। ਇਸ ਪ੍ਰਤੀਯੋਗਤਾ ਵਿਚ ਵੰਸ਼ਿਕਾ ਬੀ ਕਾਮ ਦੂਜਾ ਸਾਲ ਨੇ ਪਹਿਲਾ, ਅਮਨਦੀਪ ਬੀਏ ਦੂਜਾ ਸਾਲ ਨੇ ਦੂਜਾ ਤੇ ਵਿਨਿਤਾ ਬੀਏ ਪਹਿਲਾ ਸਾਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਮੇਟੀ ਦੀ ਸਹਿ ਕਨਵੀਨਰ ਡਾ. ਰੋਜੀ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੱਤੀ। ਇਸ ਮੌਕੇ ਪੰਜਾਬੀ ਵਿਭਾਗ ਦੀ ਮੁਖੀ ਡਾ ਸਿਮਰਜੀਤ ਕੌਰ ਤੇ ਡਾ ਸਵਾਤੀ ਅਤਰੀ ਮੌਜੂਦ ਸਨ।

ਸਤਲੁਜ ਸਕੂਲ ਦੇ ਅੱਠ ਵਿਦਿਆਰਥੀਆਂ ਨੂੰ ਹਰਿਆਣਾ ਗੌਰਵ ਪੁਰਸਕਾਰ

ਸ਼ਾਹਬਾਦ ਮਾਰਕੰਡਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਰਾਸ਼ਟਰੀ ਸਿੱਖਿਆ ਸਮਿਤੀ ਰਜਿਸਟਰਡ ਟੋਹਾਨਾ ਜ਼ਿਲ੍ਹਾ ਫਤਿਆਬਾਦ ਵੱਲੋਂ ਹਰਿਆਣਾ ਗੌਰਵ ਪੁਰਸਕਾਰ ਪ੍ਰੀਖਿਆ ਲਈ ਕਰਵਾਈ ਸੂਬਾ ਪੱਧਰੀ ਹਿੰਦੀ ਵਿਆਕਰਣ ਪ੍ਰੀਖਿਆ ਵਿੱਚ ਸਤਲੁਜ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਦ ਦੇ 8 ਵਿਦਿਆਰਥੀਆਂ ਨੇ ਮੈਰਿਟ ਵਿਚ ਸਥਾਨ ਪ੍ਰਾਪਤ ਕੀਤਾ।

ਸਕੂਲ ਦੇ ਪ੍ਰਿੰਸੀਪਲ ਡਾ. ਆਰ. ਐੱਸ ਘੁੰਮਣ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰੀਖਿਆ ਵਿਚ ਹਰ ਸਾਲ ਵਾਂਗ ਸਕੂਲ ਦੇ 8 ਵਿਦਿਆਰਥੀਆਂ ਨੇ ਮੈਰਿਟ ਵਿਚ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਪੂਰੇ ਹਰਿਆਣਾ ਵਿੱਚ ਰੋਸ਼ਨ ਕੀਤਾ ਹੈ। ਰਾਸ਼ਟਰੀ ਸਿਖਿਆ ਸਮਿਤੀ ਟੋਹਾਨਾ ਦੇ ਸਕੱਤਰ ਵਰਿੰਦਰ ਕੌਸ਼ਲ ਨੇ ਸਕੂਲ ਦੀ ਇਸ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ ਤੇ ਬਚਿੱਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਦੱਸਿਆ ਕਿ ਸੀਨੀਅਰ ਵਰਗ ਵਿਚ ਦੀਪੇਸ਼ ਪੁੱਤਰ ਕ੍ਰਿਸ਼ਨ ਕੁਮਾਰ, ਅੰਜਲੀ ਪੁੱਤਰੀ ਵਿਕਰਮ ਸਿੰਘ, ਜਸ਼ਨਪ੍ਰੀਤ ਪੁੱਤਰੀ ਮਨਦੀਪ ਸਿੰਘ, ਸਵਾਸਤਿਕ ਪੁੱਤਰ ਸ਼ਰਵਨ ਕੁਮਾਰ, ਪ੍ਰਿਅੰਕਾ ਪੁੱਤਰੀ ਹਰਦੇਵ ਸਿੰਘ ਨੇ ਜੂਨੀਅਰ ਬੀ ਵਰਗ ਚਹਿਕ ਪੁੱਤਰੀ ਪ੍ਰਿੰਸ ਕੁਮਾਰ, ਅਲੀਸ਼ਾ ਪੁੱਤਰੀ ਗਿਆਨ ਚੰਦ ਤੇ ਮੰਨਤ ਪੁੱਤਰ ਰਾਜੀਵ ਕੁਮਾਰ ਨੇ ਮੈਰਿਟ ਵਿਚ ਸਥਾਨ ਪ੍ਰਾਪਤ ਕੀਤਾ। ਤਰਗਮਾ ਜੇਤੂਆਂ ਦਾ ਸਕੂਲ ਪਹੁੰਚਣ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਵਾਈਸ ਪ੍ਰਿੰਸੀਪਲ ਸਤਬੀਰ ਸਿੰਘ, ਸਕੂਲ ਪ੍ਰਬੰਧਕ ਮਨੋਜ ਕੁਮਾਰ, ਅਕੈਡਮਿਕ ਇੰਚਾਰਜ ਮਮਤਾ ਜੈਨ ਹਾਜ਼ਰ ਸਨ। ਉਨ੍ਹਾਂ ਇਸ ਸਫਲਤਾ ਦਾ ਸਿਹਰਾ ਸਕੂਲ ਦੀਆਂ ਹਿੰਦੀ ਦੀਆਂ ਅਧਿਆਪਕਾਵਾਂ ਦਿਨੇਸ਼ ਕੁਮਾਰੀ, ਜਸਵਿੰਦਰ ਕੌਰ, ਰਿੱਤੂ ਗੁਪਤਾ, ਮੋਨਿਕਾ ਨੂੰ ਦਿੱਤਾ। ਮੰਚ ਦਾ ਸੰਚਾਲਨ ਸੰਜੈ ਬਠਲਾ ਨੇ ਕੀਤਾ। ਇਸ ਮੌਕੇ ਮਹਿੰਦਰ ਕੁਮਾਰ, ਸਾਹਿਲ, ਊਸ਼ਾ ਗਾਬਾ, ਸਰਬਜੀਤ ਕੌਰ ਮੌਜੂਦ ਸਨ।

ਪੀ.ਐਸ.ਪੀ.ਸੀ.ਐਲ.ਵਲੋਂ ਝੋਨੇ ਦੇ ਸੀਜ਼ਨ ਲਈ ਤਿਆਰੀਆਂ ਮੁਕੰਮਲ: ਹਰਭਜਨ ਸਿੰਘ ਈ. ਟੀ. ਓ.

ਚੰਡੀਗੜ੍ਹ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਵਲੋਂ ਇਸ ਸਾਲ ਦੇ ਝੋਨੇ ਦੇ ਸੀਜ਼ਨ ਲਈ ਬਿਜਲੀ ਦੀ ਮੰਗ ਅਤੇ ਸਪਲਾਈ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈ ਹਨ।ਇਹ ਜਾਣਕਾਰੀ ਅੱਜ ਇੱਥੇ ਪੀ.ਐਸ.ਪੀ.ਸੀ.ਐਲ ਦੇ ਸੀ.ਐਮ.ਡੀ ਸ੍ਰੀ ਅਜੋਏ ਸਿਨਹਾ ਅਤੇ ਸਾਰੇ ਡਾਇਰੈਕਟਰਜ ਤੇ ਚੀਫ਼ ਇੰਜੀਨੀਅਰਾਂ ਨਾਲ ਇਕ ਉਚ ਪੱਧਰੀ ਮੀਟਿੰਗ ਉਪਰੰਤ ਸੂਬੇ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ. ਟੀ. ਓ. ਵਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਝੋਨੇ ਦੇ ਇਸ ਸੀਜ਼ਨ ਦੌਰਾਨ ਲਗਭਗ 17 ਹਜ਼ਾਰ ਮੈਗਾਵਾਟ ਬਿਜਲੀ ਦੀ ਜ਼ਰੂਰਤ ਪਵੇਗੀ ਜਿਸ ਲਈ ਪੀ.ਐਸ.ਪੀ.ਸੀ.ਐਲ ਵਲੋਂ ਅਗਾਊਂ ਪ੍ਰਬੰਧ ਕਰ ਲਏ ਹਨ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਗਰਮੀ ਦੇ ਮੌਸਮ ਦੌਰਾਨ ਘਰੇਲੂ ਖਪਤਕਾਰਾਂ ਨੂੰ ਬਿਜਲੀ ਦੀ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਲਈ ਸਾਰੇ ਪ੍ਰਬੰਧ ਕਰ ਲਏ ਗਏ ਹਨ। ਸਰਦਾਰ ਹਰਭਜਨ ਸਿੰਘ ਈ.ਟੀ.ਓ.ਨੇ ਦੱਸਿਆ ਕਿ ਜਿਵੇਂ ਬੀਤੇ ਤਿੰਨ ਸਾਲਾਂ ਦੌਰਾਨ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਬਿਜਲੀ ਖਪਤਕਾਰਾਂ ਨੂੰ ਨਿਰਵਿਘਨ ਸਪਲਾਈ ਮੁੱਹਈਆ ਕਰਵਾਈ ਹੈ ਉਸੇ ਤਰ੍ਹਾਂ ਇਸ ਵਰ੍ਹੇ ਵੀ ਸਪਲਾਈ ਮੁੱਹਈਆ ਕਰਵਾਈ ਜਾਵੇਗੀ।ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਪੀ.ਐਸ.ਪੀ.ਸੀ.ਐਲ.ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਠਿੰਡਾ ਥਰਮਲ ਪਲਾਂਟ ਅਤੇ ਗੁਰੂ ਅਮਰਦਾਸ ਥਰਮਲ ਪਲਾਂਟ (ਜਿਸਦਾ ਪਹਿਲਾਂ ਨਾਮ ਜੀ.ਵੀ.ਕੇ.ਥਰਮਲ ਪਲਾਂਟ ਸੀ) ਦਾ ਸਰਵੇ ਕਰਵਾਇਆ ਜਾਵੇ,ਇਸ ਤੋਂ ਇਲਾਵਾ ਪੀ.ਐਸ.ਪੀ.ਸੀ.ਐਲ ਕੋਲ ਪਈ ਸਰਪਲੱਸ ਜ਼ਮੀਨ ਉਤੇ ਸੋਲਰ ਪਾਵਰ ਪਲਾਂਟ ਲਗਾਉਣ ਲਈ ਸੰਭਾਵਨਾਵਾਂ ਤਲਾਸ਼ਣ ਦੇ ਵੀ ਹੁਕਮ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਸੂਬੇ ਵਿਚ ਕਿਸੇ ਵੀ ਟਰਾਂਸਫਾਰਮਰ ਨੂੰ ਉਵਰਲੋਡ ਨਾ ਰਹਿਣ ਦਿੱਤਾ ਜਾਵੇ।

ਸਰਦਾਰ ਹਰਭਜਨ ਸਿੰਘ ਈ ਟੀ ਓ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਸੂਬੇ ਵਿਚ ਅਗਲੇ 10 ਸਾਲਾਂ ਵਿਚ ਪੈਦਾ ਹੋਣ ਵਾਲੀ ਬਿਜਲੀ ਦੀ ਮੰਗ ਦੀ ਪੂਰਤੀ ਲਈ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕੀਤੀਆਂ ਜਾਣ ਤੋਂ ਜ਼ੋ ਉਸ ਮੰਗ ਅਨੁਸਾਰ ਸਮਾਂ ਰਹਿੰਦਿਆਂ ਪ੍ਰਬੰਧ ਕਰ ਲਏ ਜਾਣ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੀ.ਐਸ.ਪੀ.ਸੀ.ਐਲ.ਦੇ ਕਰਮਚਾਰੀਆਂ ਦੀ ਬਦਲੀਆਂ ਸਬੰਧੀ ਵੀ ਪਾਲਿਸੀ ਤਿਆਰ ਕੀਤੀ ਜਾਵੇ।

ਪਿੰਡ ਮੁਲਾਣਾ 'ਚ ਅਣ-ਅਧਿਕਾਰਤ ਕਾਲੋਨੀਆਂ 'ਤੇ ਪੀਲਾ ਪੰਜਾ ਚੱਲਿਆ

ਅੰਬਾਲਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸ਼ਹਿਰੀ ਯੋਜਨਾ ਵਿਭਾਗ, ਅੰਬਾਲਾ ਦੀ ਟੀਮ ਵੱਲੋਂ ਅਰਬਨ ਏਰੀਆ ਬਰਾੜਾ ਦੇ ਪਿੰਡ ਮੁਲਾਣਾ ਜ਼ਿਲ੍ਹਾ ਅੰਬਾਲਾ ਵਿੱਚ ਲਗਪਗ 7 ਏਕੜ ਜ਼ਮੀਨ (ਖਸਰਾ ਨੰਬਰ: ਕਾਲੋਨੀ-1-91//7, 8, 14, 26/1, 26/2 ਮਿਨ, ਕਾਲੋਨੀ-2-101//13/1/1, 13/1/2, 13/2, 18/1/1, 18/1/2, ਕਾਲੋਨੀ-3-100//16/2, 17/2, 24, 25/1, 105//4/2) 'ਚ ਗੈਰ ਕਾਨੂੰਨੀ ਢੰਗ ਨਾਲ ਬਣ ਰਹੀਆਂ ਤਿੰਨ ਅਣਅਧਿਕਾਰਤ ਕਾਲੋਨੀਆਂ ਵਿੱਚ ਬਣਾਈਆਂ ਗਈਆਂ ਸੜਕਾਂ ਨੂੰ ਜੇਸੀਬੀ ਮਸ਼ੀਨਾਂ ਨਾਲ ਪੂਰੀ ਤਰ੍ਹਾਂ ਤੋੜ ਦਿੱਤਾ ਹੈ। ਇਸ ਮੌਕੇ ਡਿਊਟੀ ਮੈਜਿਸਟ੍ਰੇਟ ਅਤੇ ਜ਼ਿਲ੍ਹਾ ਸ਼ਹਿਰੀ ਯੋਜਨਾਕਾਰ ਰੋਹਿਤ ਚੌਹਾਨ, ਖੇਤਰ ਜਾਂਚ ਅਧਿਕਾਰੀ ਰਵਿੰਦਰ ਕੁਮਾਰ, ਜੂਨੀਅਰ ਇੰਜਨੀਅਰ ਅਭਿਸ਼ੇਕ ਕੌਸ਼ਿਕ ਅਤੇ ਭਾਰੀ ਪੁਲੀਸ ਬਲ ਮੌਜੂਦ ਸੀ।ਰੋਹਿਤ ਚੌਹਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜ਼ਮੀਨ ਮਾਲਕ ਜਾਂ ਪ੍ਰਾਪਰਟੀ ਡੀਲਰ ਲੋਕਾਂ ਨੂੰ ਕਾਲੋਨੀ ਰੈਗੂਲਰ ਹੋਣ ਦਾ ਝਾਂਸਾ ਦੇ ਕੇ ਪਲਾਟ ਵੇਚ ਰਹੇ ਹਨ। ਇਸ ਲਈ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਜਿਹੇ ਝਾਂਸੇ ਵਿੱਚ ਨਾ ਆਉਣ ਅਤੇ ਇਨ੍ਹਾਂ ਗੈਰ ਕਾਨੂੰਨੀ ਕਾਲੋਨੀਆਂ ਵਿੱਚ ਨਾ ਤਾਂ ਪਲਾਟ ਖਰੀਦੇ ਜਾਣ, ਨਾ ਹੀ ਕਿਸੇ ਤਰ੍ਹਾਂ ਦੀ ਉਸਾਰੀ ਕੀਤੀ ਜਾਵੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਜਿਹੀਆਂ ਅਣਅਧਿਕਾਰਤ ਕਾਲੋਨੀਆਂ ਜਾਂ ਨਿਰਮਾਣਾਂ ਦੇ ਖਿਲਾਫ ਵਿਭਾਗ ਵੱਲੋਂ ਅੱਗੇ ਵੀ ਕਾਰਵਾਈ ਜਾਰੀ ਰਹੇਗੀ।

ਪੰਜਾਬ ਸਿੱਖਿਆ ਕ੍ਰਾਂਤੀ' ਨਾਲ ਮਾਨ ਸਰਕਾਰ ਨੇ ਬਦਲੀ ਸਰਕਾਰੀ ਸਕੂਲਾਂ ਦੀ ਨੁਹਾਰ: ਕੈਬਨਿਟ ਮੰਤਰੀ ਬਰਿੰਦਰ ਗੋਇਲ

ਚੰਡੀਗੜ੍ਹ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਕੇ ਸਮੇਂ ਦੇ ਹਾਣੀ ਬਣਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਲਹਿਰਾ ਹਲਕੇ ਦੇ 9 ਸਰਕਾਰੀ ਸਕੂਲਾਂ ਵਿੱਚ 1.41 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਨੂੰ ਲੋਕ ਅਰਪਿਤ ਕਰਨ ਮੌਕੇ ਕੀਤਾ ਗਿਆ।

ਆਪਣੇ ਸੰਬੋਧਨ ਵਿੱਚ ਕੈਬਿਨਟ ਮੰਤਰੀ ਨੇ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਿੱਖਿਆ ਨੂੰ ਸਰਬੋਤਮ ਬਣਾਉਣ ਦੇ ਹਰ ਪੱਧਰ @ਤੇ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਤਹਿਤ ਵਿਦਿਆਰਥੀਆਂ ਦਾ ਮਨੋਬਲ ਉੱਚਾ ਹੋ ਰਿਹਾ ਹੈ ਅਤੇ ਮਾਪਿਆਂ ਨੂੰ ਵੀ ਤਸੱਲੀ ਹੈ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਨਹਿਰੀ ਬਣਾਉਣ ਲਈ ਸਰਕਾਰੀ

ਸੰਪਾਦਕੀ

ਹੀਰਿਆਂ ਦਾ ਕਾਰੋਬਾਰੀ ਮੇਹੁਲ ਚੋਕਸੀ ਇੱਕ ਵਾਰ ਫਿਰ ਸੁਰਖੀਆਂ 'ਚ

ਬੀਤੇ ਦਿਨਾਂ ਤੋਂ ਹੀਰਿਆਂ ਦਾ ਕਾਰੋਬਾਰੀ ਮੇਹੁਲ ਚੋਕਸੀ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ। ਇਸ ਵਾਰ ਖ਼ਬਰ ਆਈ ਕਿ ਉਸ ਨੂੰ ਲੰਘੀ 12 ਅਪਰੈਲ ਨੂੰ ਬੈਲਜੀਅਮ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੱਸਿਆ ਜਾਂਦਾ ਹੈ ਕਿ ਉਹ ਕੈਂਸਰ ਦਾ ਇਲਾਜ ਕਰਾਉਣ ਲਈ ਬੈਲਜੀਅਮ ਗਿਆ ਸੀ। ਚੋਕਸੀ 2018 ਵਿੱਚ ਭਾਰਤ ਤੋਂ ਫਰਾਰ ਹੋ ਗਿਆ ਸੀ। ਚੋਕਸੀ ਅਤੇ ਉਸ ਦੇ ਭਤੀਜੇ ਨੀਰਵ ਮੋਦੀ 'ਤੇ ਪੰਜਾਬ ਨੈਸ਼ਨਲ ਬੈਂਕ ਦੀ ਮੁੰਬਈ ਵਿਚਲੀ ਬਰੈਡੀ ਹਾਊਸ ਬ੍ਰਾਂਚ ਵਿੱਚੋਂ ਧੋਖਾਧੜੀ ਨਾਲ 13500 ਕਰੋੜ ਰੁਪਏ ਦਾ ਕਰਜ਼ਾ ਲੈਣ ਦਾ ਦੋਸ਼ ਹੈ। ਇਸ ਤੋਂ ਪਹਿਲਾਂ ਮਈ 2021 ਵਿੱਚ ਉਹ ਡੋਮੀਨਿਕਾ ਵਿੱਚ ਸਾਹਮਣੇ ਆਇਆ ਸੀ ਜਦੋਂ ਉਸ ਦੇ ਵ੍ਹੀਲਚੇਅਰ 'ਤੇ ਬੈਠੇ ਦੀਆਂ ਤਸਵੀਰਾਂ ਛਪੀਆਂ ਸਨ ਅਤੇ ਉਸ ਦੇ ਚਿਹਰੇ 'ਤੇ ਸੱਟਾਂ ਦੇ ਨਿਸ਼ਾਨ ਨਜ਼ਰ ਆ ਰਹੇ ਸਨ। ਭਾਰਤ 'ਚੋਂ ਫਰਾਰ ਹੋਣ ਤੋਂ ਪਹਿਲਾਂ ਉਹ ਐਂਟੀਗਾ ਤੇ ਬਰਬੂਡਾ ਵਿੱਚ ਰਹਿ ਰਿਹਾ ਸੀ ਅਤੇ ਉੱਥੋਂ ਦੀ ਨਾਗਰਿਕਤਾ ਵੀ ਹਾਸਿਲ ਕਰ ਲਈ ਸੀ। ਕੁਝ ਮਹੀਨੇ ਬਾਅਦ ਚੋਕਸੀ ਨੂੰ ਭਾਰਤ ਲਿਆਉਣ ਲਈ ਅਧਿਕਾਰੀਆਂ ਦੀ ਟੀਮ ਡੋਮੀਨਿਕਾ ਗਈ ਸੀ ਪਰ ਚੋਕਸੀ ਦੇ ਵਕੀਲਾਂ ਅਤੇ ਪਰਿਵਾਰ ਨੇ ਦੋਸ਼ ਲਾਇਆ ਸੀ ਕਿ ਭਾਰਤੀ ਏਜੰਟਾਂ ਵੱਲੋਂ ਉਸ 'ਤੇ ਹਮਲਾ ਕੀਤਾ ਗਿਆ ਸੀ ਅਤੇ ਬੰਧਕ ਬਣਾਇਆ ਗਿਆ ਸੀ। ਥੋੜ੍ਹੀ ਦੇਰ ਚੱਲੀ ਕਾਨੂੰਨੀ ਲੜਾਈ ਤੋਂ ਬਾਅਦ ਡੋਮੀਨਿਕਾ ਨੇ ਚੋਕਸੀ ਨੂੰ ਵਾਪਸ ਐਂਟੀਗਾ ਭੇਜ ਦਿੱਤਾ ਸੀ ਅਤੇ ਭਾਰਤੀ ਅਧਿਕਾਰੀਆਂ ਨੂੰ ਖਾਲੀ ਹੱਥ ਪਰਤਣਾ ਪਿਆ ਸੀ।ਕਰੀਬ 41 ਹਜ਼ਾਰ ਕਰੋੜ ਰੁਪਏ ਦੇ ਵਿੱਤੀ ਘੁਟਾਲਿਆਂ, ਗਬਨ ਅਤੇ ਫਰਾਡ ਦੇ ਕੇਸਾਂ ਵਿੱਚ ਲੋੜੀਂਦੇ ਕਰੀਬ ਢਾਈ ਦਰਜਨ ਭਾਰਤੀ ਕਾਰੋਬਾਰੀ ਇਸ ਵੇਲੇ ਦੁਨੀਆ ਦੇ ਵੱਖੋ-ਵੱਖਰੇ ਦੇਸ਼ਾਂ ਵਿੱਚ ਰਹਿ ਰਹੇ ਹਨ ਅਤੇ ਇਨ੍ਹਾਂ 'ਚੋਂ ਕੁਝ ਭਗੌੜਿਆਂ ਨੂੰ ਵਾਪਸ ਭਾਰਤ ਲਿਆਉਣ ਦੀਆਂ ਚਾਰਾਜੋਈਆਂ ਚੱਲ ਵੀ ਰਹੀਆਂ ਹਨ ਪਰ ਹਾਲੇ ਤੱਕ ਇਨ੍ਹਾਂ ਯਤਨਾਂ ਨੂੰ ਬੂਰ ਨਹੀਂ ਪੈ ਸਕਿਆ। ਹਾਲਾਂਕਿ ਬੈਲਜੀਅਮ ਨਾਲ ਭਾਰਤ ਦੀ ਬਹੁਤ ਪੁਰਾਣੀ ਹਵਾਲਗੀ ਸੰਧੀ ਹੈ, ਹੁਣ ਚੋਕਸੀ ਦੇ ਮਾਮਲੇ ਵਿੱਚ ਵੀ ਇਹ ਕਾਰਵਾਈ ਮੁੜ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਹਵਾਲਗੀ ਸੰਧੀ ਦੀਆਂ ਸ਼ਰਤਾਂ ਕਾਫ਼ੀ ਸਖ਼ਤ ਹਨ ਅਤੇ ਦੂਜਾ ਚੋਕਸੀ ਦੇ ਵਕੀਲ ਡੋਮੀਨਿਕਾ ਕਾਂਡ ਦੀ ਵਰਤੋਂ ਕਰ ਕੇ ਇਹ ਸਿੱਧ ਕਰ ਸਕਦੇ ਹਨ ਕਿ ਭਾਰਤ ਵਿੱਚ ਉਸ ਦੇ ਖ਼ਿਲਾਫ਼ ਢੁਕਵੀਂ ਕਾਨੂੰਨੀ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ ਜਾਂਦਾ। ਭਾਰਤ ਵਿੱਚੋਂ ਫਰਾਰ ਹੋਏ ਆਰਥਿਕ ਮਾਮਲਿਆਂ ਦੇ ਭਗੌੜਿਆਂ ਨੂੰ ਵਾਪਸ ਲਿਆ ਕੇ ਨਿਆਂ ਦੇ ਕਟਹਿਰੇ ਵਿੱਚ ਖੜ੍ਹੇ ਕਰਨ ਦੇ ਮਾਮਲੇ ਵਿੱਚ ਦੇਸ਼ ਨੂੰ ਲਗਾਤਾਰ ਜੱਦੋਜਹਿਦ ਕਰਨੀ ਪੈ ਰਹੀ ਹੈ। ਹਜ਼ਾਰਾਂ ਕਰੋੜਾਂ ਰੁਪਏ ਦਾ ਗਬਨ ਕਰ ਕੇ ਫਰਾਰ ਹੋਏ ਵਿਜੈ ਮਾਲਿਆ ਅਤੇ ਨੀਰਵ ਮੋਦੀ ਜਿਹੇ ਕਾਰੋਬਾਰੀ ਉੱਥੋਂ ਦੀਆਂ ਅਦਾਲਤਾਂ ਵਿੱਚ ਇਹੋ ਦਲੀਲਾਂ ਪੇਸ਼ ਕਰ ਰਹੇ ਹਨ ਕਿ ਭਾਰਤ ਦੀਆਂ ਜੇਲ੍ਹਾਂ ਵਿੱਚ ਮਨੁੱਖੀ ਅਧਿਕਾਰਾਂ ਦਾ ਉਲੰਘਣ ਆਮ ਹੁੰਦਾ ਹੈ ਅਤੇ ਉੱਥੇ ਉਨ੍ਹਾਂ ਨੂੰ ਬਣਦੀ ਕਾਨੂੰਨੀ ਪ੍ਰਕਿਰਿਆ ਉਪਲੱਬਧ ਨਹੀਂ ਹੋ ਸਕੇਗੀ। ਮਾਲਿਆ ਦੇ ਵਕੀਲ ਮੁੰਬਈ ਦੀ ਆਰਥਰ ਰੋਡ ਜੇਲ੍ਹ ਵਿਚਲੀਆਂ ਸੁਵਿਧਾਵਾਂ ਦੀ ਮਾੜੀ ਹਾਲਤ ਨੂੰ ਉਜਾਗਰ ਕਰ ਕੇ ਕਾਨੂੰਨੀ ਕਾਰਵਾਈ ਲਮਕਾਉਣ ਵਿੱਚ ਕਾਮਯਾਬ ਹੋ ਗਏ ਸਨ। ਇਸ ਤੋਂ ਇਲਾਵਾ ਇਨ੍ਹਾਂ ਮਾਮਲਿਆਂ ਵਿੱਚ ਕਾਨੂੰਨੀ ਬਾਰੀਕੀਆਂ ਦੀ ਵੱਡੀ ਭੂਮਿਕਾ ਰਹਿੰਦੀ ਹੈ। ਅਜਿਹੇ ਅਪਰਾਧੀਆਂ ਨੂੰ ਫਰਾਰ ਹੋਣ ਤੋਂ ਰੋਕਣ ਵਿੱਚ ਦੇਸ਼ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਭੂਮਿਕਾ ਉੱਪਰ ਵੀ ਸਵਾਲ ਉੱਠਦੇ ਰਹੇ ਹਨ।

ਪੰਜਾਬ ਵਿੱਚ ਚੱਲ ਰਹੀ ਸਿਆਸੀ ਗੋਲਾਬਾਰੀ

ਪੰਜਾਬ ਵਿੱਚ ਅਮਨ-ਕਾਨੂੰਨ ਦੀ ਹਾਲਤ ਨੂੰ ਲੈ ਕੇ ਸੱਤਾ ਧਿਰ ਅਤੇ ਵਿਰੋਧੀ ਧਿਰ ਦਰਮਿਆਨ ਅਕਸਰ ਤਿੱਖੀ ਬਿਆਨਬਾਜ਼ੀ ਅਤੇ ਤੋਹਮਤਬਾਜ਼ੀ ਚੱਲਦੀ ਰਹਿੰਦੀ ਹੈ। ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦਾ ਇੱਕ ਬਿਆਨ ਆਇਆ ਕਿ ਪੰਜਾਬ ਵਿੱਚ 50 ਬੰਬ ਆਏ ਸਨ ਜਿਨ੍ਹਾਂ 'ਚੋਂ 18 ਚੱਲ ਚੁੱਕੇ ਹਨ ਅਤੇ 32 ਅਜੇ ਬਾਕੀ ਹਨ। ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਵੀਡੀਓ ਜਾਰੀ ਕਰ ਕੇ ਸ੍ਰੀ ਬਾਜਵਾ ਨੂੰ ਪੁੱਛਿਆ ਕਿ ਬੰਬ ਆਉਣ ਦੀ ਜਾਣਕਾਰੀ ਉਨ੍ਹਾਂ ਕੋਲ ਕਿੱਥੋਂ ਆਈ ਹੈ, ਉਸ ਦਾ ਸਰੋਤ ਸਰਕਾਰ ਨਾਲ ਸਾਂਝਾ ਕੀਤਾ ਜਾਵੇ ਤਾਂ ਸੀਨੀਅਰ ਕਾਂਗਰਸੀ ਆਗੂ ਦੇ ਇਸ ਬਿਆਨ ਨੂੰ ਲੈ ਕੇ ਦੋਵੇਂ ਧਿਰਾਂ ਵਿੱਚ ਕਸ਼ਮਕਸ਼ ਤੇਜ਼ ਹੋ ਗਈ। ਮੁੱਖ ਮੰਤਰੀ ਨੇ ਇਹ ਸਵਾਲ ਵੀ ਉਠਾ ਦਿੱਤਾ ਕਿ ਉਨ੍ਹਾਂ (ਬਾਜਵਾ) ਦੇ ਪਾਕਿਸਤਾਨ ਵਿੱਚ ਕੋਈ ਅਜਿਹੇ ਸੰਪਰਕ ਹਨ ਜਿਨ੍ਹਾਂ ਕੋਲੋਂ ਗ੍ਰੇਨੇਡ ਭੇਜਣ ਦੀ ਜਾਣਕਾਰੀ ਮਿਲਦੀ ਹੈ। ਇਸ ਤੋਂ ਬਾਅਦ ਕਾਊਂਟਰ ਇੰਟੈਲੀਜੈਂਸ ਦੀ ਇੱਕ ਸੀਨੀਅਰ ਅਫ਼ਸਰ ਦੀ ਅਗਵਾਈ ਹੇਠ ਟੀਮ ਨੇ ਸ੍ਰੀ ਬਾਜਵਾ ਦੀ ਰਿਹਾਇਸ਼ 'ਤੇ ਪਹੁੰਚੀ ਅਤੇ ਮੁਹਾਲੀ ਦੇ ਫੇਜ਼ ਸੱਤ ਵਿਚਲੇ ਸਾਈਬਰ ਕ੍ਰਾਈਮ ਪੁਲੀਸ ਸਟੇਸ਼ਨ ਵਿੱਚ ਉਨ੍ਹਾਂ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੀ ਧਾਰਾ 353 (2) ਅਤੇ 197 (1) ਤਹਿਤ ਕੇਸ ਦਰਜ ਕਰ ਲਿਆ। ਮੁਹਾਲੀ ਪੁਲੀਸ ਨੇ ਉਨ੍ਹਾਂ ਨੂੰ ਸੋਮਵਾਰ ਦੁਪਹਿਰੇ ਤਲਬ ਕੀਤਾ ਸੀ ਪਰ ਸ੍ਰੀ ਬਾਜਵਾ ਨੇ ਹੁਣ ਮੰਗਲਵਾਰ ਨੂੰ ਪੇਸ਼ ਹੋਣ ਲਈ ਸਮਾਂ ਮੰਗਿਆ ਹੈ।

ਪੰਜਾਬ ਵਿੱਚ ਹਮਲਿਆਂ, ਫਿਰੌਤੀ ਲਈ ਧਮਕੀਆਂ ਅਤੇ ਲੁੱਟਮਾਰ ਜਿਹੀਆਂ ਅਪਰਾਧਿਕ ਘਟਨਾਵਾਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਖ਼ੁਦ ਪੰਜਾਬ ਪੁਲੀਸ ਵੱਲੋਂ ਇਸ ਦਾ ਖ਼ੁਲਾਸਾ ਕੀਤਾ ਜਾਂਦਾ ਹੈ। ਐਤਵਾਰ ਰਾਤੀਂ ਮਜੀਠਾ ਨੇੜੇ ਪਿੰਡ ਕਲੇਰ ਮਾਂਗਟ ਦੇ ਇੱਕ ਪੈਟਰੋਲ ਪੰਪ 'ਤੇ ਹੋਏ ਹਮਲੇ ਵਿੱਚ ਇੱਕ ਕਾਰਿੰਦੇ ਦੀ ਮੌਤ ਹੋ ਗਈ ਤੇ ਦੂਜਾ ਜ਼ਖ਼ਮੀ ਹੋ ਗਿਆ। ਇਸ ਤੋਂ ਪਹਿਲਾਂ ਜਲੰਧਰ ਵਿੱਚ ਭਾਜਪਾ ਦੇ ਇੱਕ ਸੀਨੀਅਰ ਆਗੂ ਦੇ ਘਰ 'ਤੇ ਗ੍ਰੇਨੇਡ ਨਾਲ ਹਮਲਾ ਕੀਤਾ ਗਿਆ ਸੀ। ਅਜਿਹੇ ਮਾਹੌਲ ਵਿੱਚ ਆਮ ਲੋਕਾਂ ਦੇ ਮਨਾਂ ਵਿੱਚ ਸਹਿਮ ਵਧ ਰਿਹਾ ਹੈ ਅਤੇ ਵਿਰੋਧੀ ਧਿਰ ਦੀਆਂ ਪਾਰਟੀਆਂ ਨੂੰ ਸਰਕਾਰ ਅਤੇ ਪੁਲੀਸ ਦੀ ਕਾਰਗੁਜ਼ਾਰੀ ਤੇ ਸਮੱਰਥਾ ਉੱਪਰ ਸਵਾਲ ਉਠਾਉਣ ਦਾ ਹੱਕ ਹੈ। ਸ੍ਰੀ ਬਾਜਵਾ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਵਜੋਂ ਲੰਮਾ ਸਮਾਂ ਕੰਮ ਕੀਤਾ ਹੈ ਅਤੇ ਪੰਜਾਬ ਵਿੱਚ ਵੀ ਪ੍ਰਮੁੱਖ ਅਹੁਦਿਆਂ 'ਤੇ ਸੇਵਾਵਾਂ ਨਿਭਾਈਆਂ ਹਨ; ਅਤੇ ਉਨ੍ਹਾਂ ਨੂੰ ਆਪਣੇ ਸੂਤਰਾਂ ਤੋਂ ਇਹ ਜਾਣਕਾਰੀ ਮਿਲੀ ਹੈ।

ਉਹ ਇਹ ਮੰਨਦੇ ਹਨ ਕਿ ਵਿਰੋਧੀ ਧਿਰ ਦੇ ਆਗੂ ਵਜੋਂ ਇੱਕ ਸੰਵਿਧਾਨਕ ਅਹੁਦੇ 'ਤੇ ਬੈਠੇ ਹੋਣ ਕਰ ਕੇ ਉਹ ਸਰਕਾਰ ਦੀ ਮਦਦ ਕਰਨ ਲਈ ਪਾਬੰਦ ਹਨ ਪਰ ਜੇ ਉਨ੍ਹਾਂ ਕੋਲ ਕੋਈ ਅਜਿਹੀ ਸੰਵੇਦਨਸ਼ੀਲ ਜਾਣਕਾਰੀ ਸੀ ਜਿਸ ਬਾਰੇ ਉਨ੍ਹਾਂ ਨੂੰ ਪੁਖ਼ਤਾ ਹੋਣ ਦਾ ਭਰੋਸਾ ਸੀ, ਤਾਂ ਕਿਸੇ ਟੀਵੀ ਚੈਨਲ ਦੇ ਸਟੂਡੀਓ ਵਿੱਚ ਬਹਿ ਕੇ ਇਸ ਦਾ ਖ਼ੁਲਾਸਾ ਕਰਨ ਦੀ ਬਜਾਏ, ਇਹ ਉਨ੍ਹਾਂ ਨੂੰ ਪੰਜਾਬ ਸਰਕਾਰ ਨਾਲ ਸਾਂਝੀ ਕਰਨੀ ਚਾਹੀਦੀ ਸੀ।

ਜੇ ਸਰਕਾਰ ਇਸ ਨੂੰ ਗੰਭੀਰਤਾ ਨਾਲ ਨਾ ਲੈਂਦੀ ਤਾਂ ਫਿਰ ਉਹ ਇਸ ਦਾ ਖ਼ੁਲਾਸਾ ਕਰ ਸਕਦੇ ਸਨ। ਖ਼ੈਰ, ਅਜੋਕੇ ਸਮਿਆਂ ਵਿੱਚ ਨੈਤਿਕਤਾ, ਮਰਿਆਦਾ ਅਤੇ ਸਾਫ਼ਗੋਈ ਦੀ ਉਮੀਦ ਕਿਸ ਤੋਂ ਕੀਤੀ ਜਾਵੇ ? ਦੂਜੇ ਪਾਸੇ, ਪੰਜਾਬ ਸਰਕਾਰ ਅਤੇ ਸੱਤਾਧਾਰੀ ਪਾਰਟੀ ਦੇ ਕਈ ਆਗੂ ਸ੍ਰੀ ਬਾਜਵਾ ਦੇ ਦਾਅਵੇ ਦਾ ਮਜ਼ਾਕ ਉਡਾ ਰਹੇ ਹਨ ਪਰ ਜਿਵੇਂ ਵਿਰੋਧੀ ਧਿਰ ਦੇ ਆਗੂ ਖ਼ਿਲਾਫ਼ ਕੇਸ ਦਰਜ ਕਰ ਕੇ ਕਾਰਵਾਈ ਕੀਤੀ ਜਾ ਰਹੀ ਹੈ, ਉਸ ਤੋਂ ਮਾਮਲਾ ਹੋਰ ਹੀ ਰੰਗਤ ਅਖ਼ਤਿਆਰ ਕਰਦਾ ਜਾ ਰਿਹਾ ਹੈ ਜੋ ਪੰਜਾਬ ਦੇ ਸਿਆਸੀ ਅਤੇ ਸਮਾਜਿਕ ਮਾਹੌਲ ਲਈ ਸ਼ੁੱਭ ਨਹੀਂ ਆਖਿਆ ਜਾ ਸਕਦਾ।

ਬ੍ਰਿਗੇਡੀਅਰ ਬਿਕਰਮ ਸਿੰਘ, ਚੇਅਰਮੈਨ ਕੈਂਟਬੋਰਡ ਫਿਰੋਜ਼ਪੁਰ ਨੇ ਵਿਸ਼ੇਸ਼ ਬੱਚਿਆਂ ਲਈ ਛਾਉਣੀ ਬੋਰਡ

ਫਿਰੋਜ਼ਪੁਰ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਿਸ਼ੇਸ਼ ਬੱਚਿਆਂ ਲਈ ਇਕ ਵਿਆਪਕ ਦੰਦਾਂ ਅਤੇ ਡਾਕਟਰੀ ਜਾਂਚ ਕੈਂਪ ਨੂੰ ਹਫੜਾ ਸਕੂਲ, ਗਾਂਧੀ ਗਾਂਧੀ ਵਿਖੇ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ. ਇਹ ਕੈਂਪ ਛਾਉਣੀ ਬੋਰਡ ਫ਼ਿਰੋਜ਼ਪੁਰ ਚੇਅਰਮੈਨ ਬ੍ਰਿਗੇਡੀਅਰ ਬਿਕਰਮ ਸਿੰਘ ਅਤੇ ਛਾਉਣੀਕਾਰਜਕਾਰੀ ਅਧਿਕਾਰੀ, ਜੌਨ ਵਿਕਾਸ ਦੀ ਅਗਵਾਈ ਹੇਠ ਆਯੋਜਿਤ ਕੀਤਾ.ਗਿਆ ਇਸ ਪਹਿਲਕਦਮੀ ਦਾ ਉਦੇਸ਼ ਵਿਸ਼ੇਸ਼ ਬੱਚਿਆਂ ਦੀ ਸਿਹਤ ਅਤੇ ਭਲਿਆਈ ਨੂੰ ਯਕੀਨੀ ਬਣਾਉਣਾ ਸੀ, ਜਿਸ ਵਿੱਚ ਡਾਕਟਰੀ ਮਾਹਰ, ਸਮਾਜ ਦੇ ਮੈਂਬਰਾਂ ਨੇ ਮਿਲ ਕੇ ਸ਼ਲਾਘਾਯੋਗ ਸੇਵਾ ਭਾਵਨਾ ਦਿਖਾਈ. ਕੈਂਪ 10 ਵਜੇ ਤੋਂ 1 ਵਜੇ ਤੱਕ ਚੱਲਿਆ.

ਡਾ: ਰਿਚਾ, ਡਾ ਰੋਹਿਤ, ਲੈਫਟੀਨੈਂਟਲ ਦਿਵਿਆ ਰੈਡੀ, ਕਪਤਾਨ (ਡਾ.) ਇਕਜੋਤ ਸਿੰਘ ਨੇ ਮੈਡੀਕਲ ਟੀਮ ਵਿੱਚ ਅਤੇ ਡਾ ਭਵਿਕਾ ਗੁਲਾਟੀ ਆਰਮੀ ਦੰਦਾਂ ਦੇ ਡਾਕਟਰ ਨੇ, ਜਿਨ੍ਹਾਂ ਵਿਚੋਂ ਸਾਰੇ ਬੱਚਿਆਂ ਦੀ ਜਾਂਚ ਕਰ ਰਹੇ ਸਨ, ਨੇ ਤੁਰੰਤ ਇਲਾਜ ਦਿੱਤਾ ਅਤੇ ਫਰੀ ਦਵਾਈਆਂ ਵੰਡੀਆਂ.ਇਸ ਮੌਕੇ ਬੱਚਿਆਂ ਨੂੰ ਬ੍ਰਗੇਡੀਅਰ ਬਿਕਰਮ ਸਿੰਘ ਵੱਲੋਂ ਬੱਚਿਆਂ ਨੂੰ ਤੋਹਫ਼ੇ ਵੰਡੇ, ਜਿਸ ਨਾਲ ਬੱਚਿਆਂ ਦੇ ਚਿਹਰਿਆਂ ਤੇ ਮੁਸਕਰਾਹਟ ਅਤੇ ਉਤਸ਼ਾਹ ਵੇਖਿਆ ਗਿਆ .

ਇਸ ਮੌਕੇ ਬ੍ਰਿਗੇਡੀਅਰ ਬਿਕਰਮ ਸਿੰਘ ਨੇ ਇਕ ਵਿਸ਼ੇਸ਼ ਘੋਸ਼ਣਾ ਕੀਤੀ ਅਤੇ ਕਿਹਾ ਕਿ ਫਿਰੋਜ਼ਪੁਰ ਫੌਜ ਦੇ ਜਨਰਲ ਹਸਪਤਾਲ ਵਿਚ ਬੱਚੇਆ ਲਈ ਇਕ ਵਿਸ਼ੇਸ਼ ਮੈਡੀਕਲ ਵਿੰਗ ਸਥਾਪਿਤ ਕੀਤਾ ਜਾਵੇਗਾ, ਜਿੱਥੇ ਸਮੇਂ ਸਮੇਂ ਤੇ ਸਿਹਤ ਜਾਂਚ-ਅਪ ਦੀ ਸਹੂਲਤ ਦਿੱਤੀ ਜਾਏਗੀ. ਇਸ ਖੇਤਰ ਵਿਚ ਵਿਸ਼ੇਸ਼ ਬੱਚਿਆਂ ਦੀ ਸਿਹਤ ਸੰਭਾਲ ਨੂੰ ਪਹੁੰਚਯੋਗ ਅਤੇ ਨਿਯਮਤ ਬਣਾਉਣ ਲਈ ਇਕ ਵੱਡਾ ਕਦਮ ਹੈ.

ਮੈਡੀਕਲ ਏਰੀਆ ਅਤੇ ਛਾਉਣੀ ਬੋਰਡ ਦੇ ਵਿਦਿਅਕ ਅਤੇ ਪ੍ਰਸ਼ਾਸਕੀ ਸਟਾਫ ਆਫ਼ ਆਰਮੀ ਦੇ ਵਿਦਿਅਕ ਅਤੇ ਪ੍ਰਸ਼ਾਸਕੀ ਸਟਾਫਾਂ ਦੀ ਸੰਯੁਕਤ ਉਦਾਹਰਣ ਬਣੇ, ਜੋ ਸਮਾਜ ਵਿਚ ਹਮਦਰਦੀ ਅਤੇ ਸੇਵਾ ਨੂੰ ਦਰਸਾਉਂਦੀ ਹੈ।

ਵਿਧਾਇਕ ਡਾ. ਚਰਨਜੀਤ ਸਿੰਘ ਨੇ ਵੱਖ-ਵੱਖ ਸਕੂਲਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ

ਚਮਕੌਰ ਸਾਹਿਬ 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਸਕੂਲਾਂ ਦੀ ਹਰ ਜ਼ਰੂਰਤ ਨੂੰ ਤਰਜੀਹ ਦੇ ਆਧਾਰ ਉਤੇ ਪੂਰਾ ਕਰਵਾਇਆ ਜਾ ਰਿਹਾ ਹੈ ਅਤੇ ਵਿਦਿਆਰਥੀ ਨਾ ਕੇਵਲ ਪੜ੍ਹਾਈ ਬਲਕਿ ਖੇਡਾਂ ਅਤੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਵੀ ਵੱਡੀਆਂ ਮੱਲਾਂ ਮਾਰ ਰਹੇ ਹਨ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਵਿਧਾਇਕ ਡਾ. ਚਰਨਜੀਤ ਸਿੰਘ ਨੇ ਅੱਜ ÷ਪੰਜਾਬ ਸਿੱਖਿਆ ਕ੍ਰਾਂਤੀ÷ ਤਹਿਤ ਅੱਜ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਕੀਤਾ।

ਵਿਧਾਇਕ ਡਾ.ਚਰਨਜੀਤ ਸਿੰਘ ਨੇ ਅੱਜ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਸਕੂਲ ਸਰਕਾਰੀ ਮਿਡਲ ਸਕੂਲ ਦਤਾਰਪੁਰ ਵਿਖੇ 1.545 ਲੱਖ ਦੀ ਲਾਗਤ ਨਾਲ ਬਾਥਰੂਮ ਦੀ ਉਸਾਰੀ ਦਾ ਉਦਘਾਟਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਤਨਗੜ੍ਹ ਵਿਖੇ ਕੁੱਲ 57.17 ਰੁਪਏ ਦੀ ਲਾਗਤ ਨਾਲ ਚਾਰਦੀਵਾਰੀ (15.40 ਲੱਖ), ਆਧੁਨਿਕ ਕਲਾਸ ਰੂਮ (2.50 ਲੱਖ), ਨਵੀਂ ਸਾਇੰਸ ਲੈਬ (3) 33 ਲੱਖ, ਆਧੁਨਿਕ ਕਬੱਡੀ ਕੋਰਟ (6.27 ਲੱਖ) ਦਾ ਉਦਘਾਟਨ, ਸਰਕਾਰੀ ਮਿਡਲ ਸਕੂਲ ਬਡਵਾਲੀ ਵਿਖੇ 6 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਗਈ ਚਾਰਦੀਵਾਰੀ ਦਾ ਉਦਘਾਟਨ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਾਜਪੁਰਾ ਵਿਖੇ 8.96 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ (3.96 ਲੱਖ) ਅਤੇ ਸਾਇੰਸ ਲੈਬ (5 ਲੱਖ) ਦਾ ਉਦਘਾਟਨ ਕੀਤਾ।

ਇਸ ਮੌਕੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲ ਆਫ ਐਮੀਨੈਂਸ ਬਣਾ ਕੇ ਵਿਦਿਆਰਥੀ ਵਰਗ ਨੂੰ ਤਰਾਸ਼ਣ ਲਈ ਸ਼ਾਨਦਾਰ ਉਪਰਾਲਾ ਕੀਤਾ ਗਿਆ ਹੈ ਅਤੇ ਇੱਥੇ ਪੜਨ ਵਾਲੇ ਸੈਂਕੜੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅੱਜ ਪੰਜਾਬ ਭਰ ਵਿੱਚ ਨਵੇਂ ਸਕੂਲਾਂ ਦੇ ਉਦਘਾਟਨਾਂ ਦੀ ਇੱਕ ਲੜੀ ਦੇ ਨਾਲ ਵਿਕਾਸ ਦੇ ਇੱਕ ਨਵੇਂ ਪੜਾਅ ਦੀ ਸ਼ੁਰੂਆਤ ਹੋਈ ਹੈ, ਜੋ ਅਗਲੇ ਸਮੇਂ ਤੱਕ ਜਾਰੀ ਰਹੇਗੀ। ਇਸ ਮੌਕੇ ਵੱਖ-ਵੱਖ ਪਤਵੰਤੇ ਸੱਜਣਾਂ ਤੋਂ ਇਲਾਵਾ ਇਨ੍ਹਾਂ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲ, ਸਟਾਫ਼, ਵਿਦਆਰਥੀ ਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

ਕੁਸ਼ਲ ਡੇਅਰੀ ਮੈਨੇਜਰ ਬਣਨ ਲਈ 4 ਹ

ਸਿੱਖਿਆ ਕ੍ਰਾਂਤੀ ਨਾਲ ਸਰਕਾਰੀ ਸਕੂਲਾਂ 'ਚ ਸਿੱਖਿਆ ਪ੍ਰਬੰਧ ਅਤੇ ਬੁਨਿਆਦੀ ਸਹੂਲਤਾਂ 'ਚ ਸੁਧਾਰ ਹੋਇਆ: ਲਾਲਜੀਤ ਸਿੰਘ ਭੁੱਲਰ

ਚੰਡੀਗੜ੍ਹ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਕ੍ਰਾਂਤੀ ਨਾਲ ਸੂਬੇ ਦੇ ਸਰਕਾਰੀ ਸਕੂਲਾਂ 'ਚ ਸਿੱਖਿਆ ਪ੍ਰਬੰਧ ਅਤੇ ਬੁਨਿਆਦੀ ਸਹੂਲਤਾਂ 'ਚ ਸੁਧਾਰ ਹੋਇਆ ਹੈ। ਪੰਜਾਬ ਸਰਕਾਰ ਨੇ ਸੂਬੇ ਦੇ ਇਤਿਹਾਸ ਵਿਚ ਪਹਿਲੀ ਵਾਰ ਸਿੱਖਿਆ ਦੇ ਖੇਤਰ ਵਿਚ 12 ਫੀਸਦੀ ਬਜਟ ਦਾ ਵਾਧਾ ਕਰ ਕੇ ਇਤਿਹਾਸ ਸਿਰਜਿਆ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਪੱਟੀ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਪੰਜਾਬ ਸ. ਲਾਲਜੀਤ ਸਿੰਘ ਭੁੱਲਰ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕੇ ਦੇ ਸਰਕਾਰੀ ਸਕੂਲਾਂ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨੀ ਸਮਾਗਮਾਂ ਦੌਰਾਨ ਕੀਤਾ।

ਸ. ਭੁੱਲਰ ਨੇ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਸਰਕਾਰੀ ਸਕੂਲਾਂ ਵਿਚ ਚਹਿਲ ਪਹਿਲ ਪਰਤ ਆਈ ਹੈ। ਉਹਨਾਂ ਕਿਹਾ ਕਿ ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਕਰੀਬ 20 ਹਜ਼ਾਰ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ ਤੇ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਆਈਏ ਐਸ,ਆਈਪੀਐਸ,ਪੀਸੀਐਸ ਤੇ ਆਈਆਈਟੀ ਆਦਿ ਉੱਚ ਵਿਸ਼ਿਆਂ ਸਬੰਧੀ ਸਿੱਖਿਆ ਪ੍ਰਦਾਨ ਕਰ ਕੇ ਉਨ੍ਹਾਂ ਦਾ ਭਵਿੱਖ ਉਜਵਲ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਕਾਰਨ ਸੂਬੇ ਦੇ ਸਰਕਾਰੀ ਸਕੂਲ ਮਾੜੀ ਹਾਲਤ ਵਿਚ ਪਹੁੰਚ ਗਏ ਸਨ ਅਤੇ ਲੋਕ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ 'ਚ ਪੜ੍ਹਾਉਣ ਨੂੰ ਤਰਜੀਹ ਦੇਣ ਲੱਗ ਪਏ ਸਨ, ਪ੍ਰੰਤੂ ਜਦੋਂ ਤੋਂ ਮੌਜੂਦਾ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਕਾਰਜਭਾਰ ਸੰਭਾਲਿਆ ਹੈ ਉਦੋਂ ਤੋਂ ਸਿੱਖਿਆ ਤੇ ਸਿਹਤ ਦੇ ਖੇਤਰ ਨੂੰ ਤਰਜੀਹੀ ਖੇਤਰ ਮੰਨਦੇ ਹੋਏ ਸਰਬ ਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ, ਜਿਸ ਸਦਕਾ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਵਿਚ ਵੱਡਾ ਵਾਧਾ ਹੋਇਆ ਹੈ ਤੇ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਕੱਢ ਕੇ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾ ਰਹੇ ਹਨ।

ਕੈਬਨਿਟ ਮੰਤਰੀ ਨੇ ਅੱਜ ਸਰਕਾਰੀ ਐਲੀਮੈਂਟਰੀ ਸਕੂਲ ਨਦੋਹਰ ਤੇ ਆਸਲ, ਸਰਕਾਰੀ ਹਾਈ ਸਕੂਲ ਸੈਦਪੁਰ, ਭੱਗੂਪੁਰ, ਚੁਸਲੇਵੜ ਅਤੇ ਬੱਠੇ ਭੈਣੀ ਵਿਖੇ ਲੱਗਭੱਗ ਇੱਕ ਕਰੋੜ 52 ਲੱਖ 48 ਹਜ਼ਾਰ ਰੁਪਏ ਦੇ ਕਰਵਾਏ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਇਸ ਮੌਕੇ ਚੇਅਰਮੈਨ ਦਿਲਬਾਗ਼ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਤਰਨ ਤਾਰਨ ਸਤਨਾਮ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਤਰਨ ਤਾਰਨ ਐਲੀਮੈਂਟਰੀ ਸਿੱਖਿਆ ਜਗਵਿੰਦਰ ਸਿੰਘ, ਵੱਖ-ਵੱਖ ਸਕੂਲਾਂ ਦੇ ਮੁਖੀ, ਅਧਿਆਪਕ, ਪਿੰਡ ਵਾਸੀ ਅਤੇ ਬੱਚਿਆਂ ਦੇ ਮਾਪੇ ਵੀ ਮੌਜੂਦ ਸਨ।

ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਸਕੂਲਾਂ ਦੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

ਹੁਸ਼ਿਆਰਪੁਰ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ @ਪੰਜਾਬ ਸਿੱਖਿਆ ਕ੍ਰਾਂਤੀ@ ਮੁਹਿੰਮ ਤਹਿਤ ਅੱਜ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਕਰੀਬ 27 ਲੱਖ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਇਸ ਮੌਕੇ ਸ੍ਰੀ ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਦੀ ਦਸ਼ਾ ਸੁਧਾਰਨ ਲਈ ਲਗਾਤਾਰ ਯਤਨਸ਼ੀਲ ਹੈ। ਸਰਕਾਰ ਦਾ ਉਦੇਸ਼ ਹੈ ਕਿ ਹਰ ਬੱਚੇ ਨੂੰ ਵਧੀਆ ਸਿੱਖਿਆ ਦੇ ਨਾਲ-ਨਾਲ ਵਧੀਆ ਵਿਦਿਅਕ ਮਾਹੌਲ ਮਿਲੇ। ਇਸੇ ਤਰਤੀਬ ਵਿੱਚ ਗੜ੍ਹਸ਼ੰਕਰ ਹਲਕੇ ਵਿੱਚ ਵੀ ਸਿੱਖਿਆ ਦੇ ਖੇਤਰ ਵਿੱਚ ਵੱਡੇ ਪੱਧਰ @ਤੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

ਡਿਪਟੀ ਸਪੀਕਰ ਨੇ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਜੱਸੋਵਾਲ ਵਿੱਚ ਨਵੇਂ ਬਣੇ ਕਲਾਸ ਰੂਮ ਅਤੇ ਚਾਰਦੀਵਾਰੀ, ਸਰਕਾਰੀ ਮਿਡਲ ਸਕੂਲ ਜੱਸੋਵਾਲ ਵਿੱਚ ਕਲਾਸ ਰੂਮ, ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲ ਭਰੋਵਾਲ ਵਿੱਚ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਦਦਿਆਲ ਵਿੱਚ ਇਮਾਰਤ ਦੀ ਮੁਰੰਮਤ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪੱਖੋਵਾਲ ਬਿਹੜਾਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੋਵਾਲ ਬਿਹੜਾਂ ਵਿੱਚ ਹੋਰ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਉਨ੍ਹਾਂ ਕਿਹਾ ਕਿ ਸਰਕਾਰ ਸਕੂਲਾਂ ਵਿੱਚ ਮੁੱਢਲੀਆਂ ਸਹੂਲਤਾਂ ਯਕੀਨੀ ਬਣਾ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਕੋਈ ਅਸੁਵਿਧਾ ਨਾ ਹੋਵੇ।

ਉਨ੍ਹਾਂ ਇਹ ਵੀ ਕਿਹਾ ਕਿ ਗੜ੍ਹਸ਼ੰਕਰ ਇਲਾਕੇ ਦੇ ਹੋਰ ਸਕੂਲਾਂ ਵਿੱਚ ਭਵਿੱਖ ਵਿੱਚ ਕਈ ਹੋਰ ਯੋਜਨਾਵਾਂ ਸ਼ੁਰੂ ਕੀਤੀਆਂ ਜਾਣਗੀਆਂ।

ਸ੍ਰੀ ਰੌੜੀ ਨੇ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਕਿਉਂਕਿ ਹੁਣ ਸਰਕਾਰੀ ਸਕੂਲ ਕਿਸੇ ਵੀ ਪ੍ਰਾਈਵੇਟ ਸਕੂਲ ਤੋਂ ਘੱਟ ਨਹੀਂ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਇਹ ਕ੍ਰਾਂਤੀ ਸਿਰਫ਼ ਸਰਕਾਰ ਦੀ ਹੀ ਨਹੀਂ ਸਗੋਂ ਲੋਕਾਂ ਦੇ ਸਹਿਯੋਗ ਨਾਲ ਹੀ ਸਫਲ ਹੋ ਸਕਦੀ ਹੈ।

ਇਸ ਮੌਕੇ ਅਧਿਆਪਕ ਕੁਲਦੀਪ ਸਿੰਘ, ਕਮਲੇਸ਼ ਕੁਮਾਰੀ, ਰਾਮ ਰਤਨ ਕੁਮਾਰ, ਮਨਪ੍ਰੀਤ ਕੌਰ, ਸੰਦੀਪ ਰਾਣੀ, ਲਖਵਿੰਦਰ ਸਿੰਘ, ਜਗਦੀਸ਼ ਕੌਰ ਤੋਂ ਇਲਾਵਾ ਪੰਚਾਇਤ ਦੇ ਨੁਮਾਇੰਦੇ, ਪਿੰਡ ਵਾਸੀ ਅਤੇ ਸਿੱਖਿਆ ਵਿਭਾਗ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਰੋਪੜ ਸ਼ਹਿਰ ਲਈ ਭਾਵੁਕ ਪਲ, ਮੁੜ ਸੁਰਜੀਤ ਹੋਇਆ ਬੋਟ ਕਲੱਬ: ਵਿਧਾਇਕ ਚੱਢਾ

ਸਤਲੁਜ ਦਰਿਆ ਵਿਖੇ ਬੋਟਿੰਗ ਸ਼ੁਰੂ ਹੋਣ ਨਾਲ ਸ਼ਹਿਰ ਵਾਸੀਆਂ ਨੂੰ ਇੱਕ ਵੱਡਾ ਤੋਹਫਾ ਮਿਲਿਆ

ਰੂਪ ਨਗਰ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਰੂਪਨਗਰ ਦੇ ਪ੍ਰਸਿੱਧ ਬੋਟ ਕਲੱਬ ਵਿਖੇ ਹਲਕਾ ਵਿਧਾਇਕ ਰੂਪਨਗਰ ਐਡਵੋਕੇਟ ਦਿਨੇਸ਼ ਚੱਡਾ ਦੇ 3 ਸਾਲਾਂ ਦੇ ਨਿਰੰਤਰ ਯਤਨਾ ਸਦਕਾ ਅੱਜ 15 ਸਾਲ ਬਾਅਦ ਮੁੜ ਰੌਣਕਾਂ ਲੱਗਣ ਜਾ ਰਹੀਆਂ ਹਨ। ਹਲਕਾ ਵਿਧਾਇਕ ਨੇ ਬੋਟ ਕਲੱਬ ਰੋਪੜ ਦਾ ਉਦਘਾਟਨ ਕਰਕੇ ਸ਼ਹਿਰ ਵਾਸੀਆਂ ਨੂੰ ਇੱਕ ਵੱਡਾ ਤੋਹਫਾ ਦਿੱਤਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਵਰਜੀਤ ਸਿੰਘ ਵਾਲੀਆ ਵੀ ਖਾਸ ਤੌਰ ਉੱਤੇ ਮੌਜੂਦ ਸਨ।

ਉਦਘਾਟਨ ਕਰਦੇ ਸਮੇਂ ਹਲਕਾ ਵਿਧਾਇਕ ਨੇ ਕਿਹਾ ਕਿ ਰੋਪੜ ਸ਼ਹਿਰ ਲਈ ਭਾਵੁਕ ਪਲ ਹਨ ਕਿ ਬੋਟ ਕਲੱਬ ਮੁੜ ਸੁਰਜੀਤ ਹੋਇਆ ਹੈ ਜਦ ਕਿ ਪਿਛਲੀਆਂ ਸਰਕਾਰਾਂ ਦੀਆਂ ਨਾਕਾਮੀਆਂ ਕਰਕੇ ਰੋਪੜ ਦੀ ਸਭ ਤੋਂ ਪ੍ਰਸਿੱਧ ਜਗ੍ਹਾ ਖੰਡਰ ਦਾ ਰੂਪ ਧਾਰਨ ਕਰ ਚੁੱਕੀ ਸੀ। ਸ਼ਹਿਰ ਵਾਸੀਆਂ ਦੀ ਬੜੇ ਲੰਮੇ ਸਮੇਂ ਤੋਂ ਇਸ ਨੂੰ ਮੁੜ ਸੁਰਜੀਤ ਕਰਨ ਦੀ ਵੱਡੀ ਮੰਗ ਰਹੀ ਸੀ। ਇਹਨਾਂ ਦੀ ਮੰਗ ਨੂੰ ਬੂਰ ਪਾਉਣ ਲਈ ਪੰਜਾਬ ਸਰਕਾਰ ਕੋਲ ਇਸ ਨੂੰ ਮੁੜ ਸੁਰਜੀਤ ਕਰਨ ਦੀ ਪੇਸ਼ਕਾਰੀ ਭੇਜੀ ਗਈ ਸੀ।

ਐਡਵੋਕੇਟ ਚੱਡਾ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਅਤੇ ਇਥੋਂ ਗੁਜ਼ਰਨ ਵਾਲੇ ਸੈਲਾਨੀਆਂ ਲਈ ਇਹ ਬਹੁਤ ਵੱਡੀ ਟੂਰਿਸਟ ਪਲੇਸ ਵਜੋਂ ਉਭਰ ਕੇ ਸਾਹਮਣੇ ਆਵੇਗੀ।

ਉਨ੍ਹਾਂ ਕਿਹਾ ਕਿ ਜਿਥੇ ਕਦੇ ਦੂਰ-ਦੁਰੇਡੇ ਤੋਂ ਲੋਕ ਕਿਸ਼ਤੀ ਅਤੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਲੈਣ ਲਈ ਆਉਂਦੇ ਹੁੰਦੇ ਸਨ ਹੁਣ ਉਹ ਰੌਣਕਾਂ ਮੁੜ ਪਰਤਣਗੀਆਂ। ਉਨ੍ਹਾਂ ਕਿਹਾ ਕਿ ਵੋਟ ਕਲੱਬ ਦਾ ਠੇਕਾ ਸਿੰਚਾਈ ਵਿਭਾਗ ਵਲੋਂ ਕੀਤਾ ਗਿਆ ਹੈ ਜਿਸ ਦੀ ਮਿਆਦ 7 ਸਾਲ ਤੱਕ ਦੀ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ ਨੇ ਕਿਹਾ ਆਉਣ ਵਾਲੇ ਸਮੇਂ ਵਿੱਚ ਬੋਟ ਕਲੱਬ ਨੂੰ ਹੋਰ ਬਿਹਤਰ ਬਣਾਇਆ ਜਾਵੇਗਾ ਇੱਥੇ ਰੈਸਟੋਰੈਂਟ ਅਤੇ ਮਨੋਰੰਜਨ ਦੀਆਂ ਹੋਰ ਸੁਵਿਧਾਵਾਂ ਵੀ ਮੁਹਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇੱਥੇ ਚੱਲਣ ਵਾਲੀ ਵੋਟ 32 ਸੀਟਰ ਕਰੂਜ਼ ਸੋਲਰ ਰਾਹੀਂ ਚੱਲੇਗਾ ਜਿਸਦਾ ਵੈਟਲੈਂਡ ਤੇ ਵੀ ਕੋਈ ਮਾੜਾ ਪ੍ਰਭਾਵ ਨਹੀਂ ਪਵੇਗਾ।

ਉਨ੍ਹਾਂ ਕਿਹਾ ਕਿ ਪਹਿਲੇ ਗੇੜ @ਚ ਇੱਥੇ ਇੱਕ 32 ਸੀਟਰ ਸੋਲਰ ਕਰੂਜ਼ ਚਲਾਇਆ ਜਾ ਰਿਹਾ ਹੈ ਜਿਸ ਦਾ ਸਤਲੁਜ ਦਰਿਆ @ਚ 20 ਮਿੰਟ ਦਾ ਰਾਊਂਡ ਹੋਵੇਗਾ, ਇਸ ਤੋਂ ਇਲਾਵਾ ਇੱਕ 12 ਸੀਟਰ ਮੋਟਰ ਬੋਟ, 5 ਪੈਡਲਾਂ

ਗਾਇਨੀ ਵਾਰਡ 'ਚ ਬੱਤੀ ਗੁੱਲ ਹੋਣ ਕਾਰਨ ਰਾਜਿੰਦਰਾ ਹਸਪਤਾਲ ਮੁੜ ਚਰਚਾ 'ਚ

ਪਟਿਆਲਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ 'ਚ ਸਥਿਤ ਉਤਰੀ ਭਾਰਤ ਪੱਧਰ ਦਾ ਸਰਕਾਰੀ ਰਾਜਿੰਦਰਾ ਹਸਪਤਾਲ ਬੱਤੀ ਗੁੱਲ ਹੋਣ ਦੇ ਮਾਮਲੇ ਨੂੰ ਲੈ ਕੇ ਮੁੜ ਚਰਚਾ 'ਚ ਹੈ। ਇਸ ਵਾਰ ਵੀ ਹਸਪਤਾਲ ਦੀ ਗਾਇਨੀ ਵਾਰਡ 'ਚ ਬੱਤੀ ਗੁੱਲ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਥੋਂ ਦੇ ਅਧਿਕਾਰੀ ਮੁਰੰਮਤ ਚੱਲਦੀ ਹੋਣ ਕਾਰਨ ਕੇਵਲ 10/15 ਮਿੰਟ ਹੀ ਬਿਜਲੀ ਬੰਦ ਹੋਣ ਦੀ ਗੱਲ ਕਰ ਰਹੇ ਹਨ ਪਰ ਇੱਥੇ ਦਾਖਲ ਗਰਭਵਤੀ ਮਹਿਲਾਵਾਂ ਦੇ ਰਿਸ਼ਤੇਦਾਰਾਂ ਦਾ ਤਰਕ ਹੈ ਕਿ 20/25 ਮਿੰਟਾਂ ਤੱਕ ਬਿਜਲੀ ਬੰਦ ਰਹੀ, ਜਿਸ ਕਾਰਨ ਉਨ੍ਹਾਂ ਨੂੰ ਇਥੇ ਦਾਖ਼ਲ ਮਹਿਲਾ ਮਰੀਜ਼ਾਂ ਨੂੰ ਪੱਤੀਆਂ ਜਾਂ ਅਖਬਾਰਾਂ ਆਦਿ ਨਾਲ ਝੱਲ ਮਾਰ ਕੇ ਗਰਮੀ ਤੋਂ ਬਚਾਅ ਕਰਨਾ ਪਿਆ। ਇਕ ਮਰੀਜ਼ ਦੇ ਰਿਸ਼ਤੇਦਾਰ ਦਾ ਕਹਿਣਾ ਸੀ ਕਿ ਇਸੇ ਹੀ ਵਾਰਡ 'ਚ 13 ਅਪਰੈਲ ਨੂੰ ਵੀ ਕੁਝ ਮਿੰਟਾਂ ਲਈ ਇਸੇ ਤਰ੍ਹਾ ਬਿਜਲੀ ਬੰਦ ਹੋ ਗਈ ਸੀ।

ਦੱਸਣਯੋਗ ਹੈ ਕਿ ਡੇਢ ਦਹਾਕਾ ਪਹਿਲਾਂ ਇਥੋਂ ਦੇ ਬੱਚਾ ਵਾਰਡ 'ਚ ਅੱਗ ਲੱਗ ਜਾਣ ਕਰਕੇ ਪੰਜ ਨਵਜੰਮੇ ਬੱਚਿਆਂ ਦੀ ਮੌਤ ਹੋ ਗਈ ਸੀ। ਪਿਛਲੇ ਮਹੀਨੇ ਹੀ ਇਸ ਨਵੀਂ ਬੱਚਾ ਵਾਰਡ 'ਚ ਬਿਜਲੀ ਦੀਆਂ ਤਾਰਾਂ ਅਤੇ ਪਲੱਗਾਂ 'ਚ ਸਪਾਰਕਿੰਗ ਹੋਣ ਕਾਰਨ ਮੁੜ ਤੋਂ ਅੱਗ ਲੱਗਣ ਦੀ ਘਟਨਾ ਵਾਪਰੀ ਸੀ। ਅਜੇ ਫਰਵਰੀ ਮਹੀਨੇ ਚ ਹੀ ਇਥੇ ਇਕ ਮਰੀਜ਼ ਦੇ ਅਪਰੇਸ਼ਨ ਦੌਰਾਨ ਬੱਤੀ ਗੁੱਲ ਹੋਣ ਕਾਰਨ ਮੌਕੇ 'ਤੇ ਮੌਜੂਦ ਡਾਕਟਰਾਂ ਨੂੰ ਆਪਣੇ ਮੋਬਾਈਲ ਫੋਨਾਂ ਦੀਆਂ ਲਾਈਟ ਨਾਲ ਰੋਸ਼ਨੀ ਕਰਕੇ ਅਪਰੇਸ਼ਨ ਨੂੰ ਨੇਪਰੇ ਚਾੜ੍ਹਿਆ ਸੀ। ਬਿਜਲੀ ਬੰਦ ਹੋਣ ਦੀ ਸੂਰਤ 'ਚ ਬੈਕਅੱਪ ਵੀ ਨਾ ਹੋਣ ਦੇ ਮਾਮਲੇ ਨੂੰ ਲੈ ਕੇ ਇਸ ਮਾਮਲੇ ਦੀ ਵਿਧਾਨ ਸਭਾ ਅਤੇ ਅਦਾਲਤ ਤੱਕ ਵੀ ਗੂੰਜ ਪਈ। ਜਿਸ ਦੌਰਾਨ ਪ੍ਰਬੰਧਕਾਂ ਵੱਲੋਂ ਅਜਿਹੀਆਂ ਪ੍ਰਸਥਿਤੀਆਂ 'ਚ ਬੈਕਅੱਪ ਯਕੀਨੀ ਬਣਾਉਣ ਲਈ ਲੋੜੀਂਦੇ ਉਪਕਰਨਾ ਦੀ ਵਰਤੋਂ ਕਰਨ ਦੀ ਗੱਲ ਆਖੀ ਗਈ ਸੀ ਪਰ ਗਾਇਨੀ ਵਾਰਡ 'ਚ ਬੱਤੀ ਬੰਦ ਹੋਣ ਦੀ ਅੱਜ ਦੀ ਤਾਜ਼ਾ ਘਟਨਾ ਦੌਰਾਨ ਮੁੜ ਤੋਂ ਬਿਜਲੀ ਦਾ ਬੈਕਅੱਪ ਨਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਸੰਪਰਕ ਕਰਨ 'ਤੇ ਹਸਪਤਾਲ ਦੇ ਅਧਿਕਾਰੀਆਂ ਨੇ ਤਰਕ ਦਿੱਤਾ ਹੈ ਕਿ ਬਿਜਲੀ ਦੀ ਮੁਰੰਮਤ ਚੱਲਦੀ ਹੋਣ ਕਾਰਨ ਹੀ ਅੱਜ ਬਿਜਲੀ ਬੰਦ ਹੋਈ ਹੈ। ਪਰ ਇਹ ਅਧਿਕਾਰੀ ਬਿਜਲੀ ਬੈਕਅੱਪ ਨਾ ਹੋਣ ਸਬੰਧੀ ਸਪੱਸ਼ਟ ਜਵਾਬ ਨਾ ਦੇ ਸਕੇ।

ਨੌਜਵਾਨਾਂ ਨੂੰ ਸਸ਼ਕਤ ਬਣਾਉਣਾ : ਸੀਟੀ ਯੂਨੀਵਰਸਿਟੀ ਵਿੱਚ ਸੰਸਦ ਮੈਂਬਰ ਸੰਜੀਵ ਅਰੋੜਾ ਨਾਲ ਇੰਟਰਐਕਟਿਵ ਸੈਸ਼ਨ ਦਾ ਆਯੋਜਨ

ਲੁਧਿਆਣਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੀਟੀ ਯੂਨੀਵਰਸਿਟੀ ਨੇ ਹਾਲ ਹੀ ਵਿੱਚ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਲਈ ਆਪਣੀ ਵਚਨਬੱਧਤਾ ਦੇ ਤਹਿਤ, ਮਾਣਯੋਗ ਸੰਸਦ ਮੈਂਬਰ ਸੰਜੀਵ ਅਰੋੜਾ ਨਾਲ ਇਕ ਇੰਟਰਐਕਟਿਵ ਸੈਸ਼ਨ ਕਰਵਾਇਆ।

ਇੰਟਰਐਕਟਿਵ ਸੈਸ਼ਨ ਆਨ ਐਂਟਰਪ੍ਰਨਿਊਰਸ਼ਿਪ÷ ਦੇ ਨਾਮ ਹੇਠ ਹੋਏ ਇਸ ਸਮਾਗਮ ਵਿੱਚ ਨੌਜਵਾਨ ਵਿਦਿਆਰਥੀਆਂ ਅਤੇ ਅਨੁਭਵੀ ਨੇਤਾਵਾਂ ਨੇ ਇਕੱਠੇ ਹੋ ਕੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ।

ਸੰਜੀਵ ਅਰੋੜਾ ਨੇ ਆਪਣੇ ਵਿਸ਼ਾਲ ਤਜਰਬੇ ਅਤੇ ਗਿਆਨ ਨਾਲ ਵਿਦਿਆਰਥੀਆਂ ਨੂੰ ਲਾਭਪ੍ਰਦ ਸਲਾਹਾਂ ਦਿੱਤੀਆਂ ਅਤੇ ਭਵਿੱਖ ਨਿਰਮਾਣ ਵਿੱਚ ਇਸ ਦੀ ਭੂਮਿਕਾ ਬਾਰੇ ਚਰਚਾ ਕੀਤੀ। ਇਹ ਸੈਸ਼ਨ ਡਾ. ਸੁਲਭਾ ਜਿੰਦਲ ਜੀ, ਖੇਡ ਸਕੱਤਰ, ਸਤਲੁਜ ਕਲੱਬ ਵੱਲੋਂ ਸੁਚੱਜੀ ਤਰ੍ਹਾਂ ਸਾਂਭਿਆ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਦੇ ਪ੍ਰਸ਼ਨਾਂ ਦੇ ਜਵਾਬਾਂ ਰਾਹੀਂ ਸੈਸ਼ਨ ਨੂੰ ਇੰਟਰਐਕਟਿਵ ਅਤੇ ਜਾਣਕਾਰੀਯੋਗ ਬਣਾਇਆ।

ਇਸ ਮੌਕੇ ਤੇ ਵਿਸ਼ੇਸ਼ ਮਹਿਮਾਨ ਬਲਬੀਰ COE Octave ਅਤੇ ਸ਼੍ਰੀ ਬੀ.ਐਸ. ਬਾਵਾ, ਮਾਲਕ Skyway Hosiery ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਵਿਚਾਰ-ਵਟਾਂਦਰੇ ਵਿੱਚ ਨਵਾਂ ਅੰਦਾਜ਼ ਜੋੜਿਆ। ਇਸ ਸਮਾਗਮ ਵਿੱਚ ਯੂਨੀਵਰਸਿਟੀ ਵੱਲੋਂ ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ, ਡੀਨ ਅਕੈਡਮਿਕਸ ਡਾ. ਸਿਮਰਨਜੀਤ ਕੌਰ ਗਿੱਲ ਅਤੇ ਡਾਇਰੈਕਟਰ ਸਟੂਡੈਂਟ ਵੈਲਫੇਅਰ ਇੰਜੀ. ਦਵਿੰਦਰ ਸਿੰਘ ਨੇ ਭ

ਯਰਤੁ ਸੁਹਾਵੀ ਤਾਲ ਸੁਹਾਵਾ

ਜਲੰਧਰ, ਸੋਮਵਾਰ 24 ਅਪ੍ਰੈਲ, 2017

ਹਰੀ ਖਾਦ ਵਾਹ ਕੇ ਖੇਤ 'ਚ ਦੱਬੀ ਹੋਵੇ ਤਾਂ ਖੇਤ 'ਚ 25 ਕਿੱਲੋ ਨਾਈਟਰੋਜਨ ਜਾਂ 55 ਕਿੱਲੋ ਯੂਰੀਆ ਦੀ ਪ੍ਰਤੀ ਏਕੜ ਬੱਚਤ ਹੁੰਦੀ ਹੈ। ਹਰੀ ਖਾਦ ਤੋਂ ਬਾਅਦ ਜੇ ਬਾਸਮਤੀ ਦੀ ਫ਼ਸਲ ਲੈਣੀ ਹੋਵੇ ਤਾਂ ਫ਼ਸਲ ਨੂੰ ਨਾਈਟਰੋਜਨ ਖਾਦ ਦੀ ਲੋੜ ਨਹੀ ਪੈਂਦੀ...

ਜ਼ਮੀਨ ਦੀ ਚੰਗੀ ਸਿਹਤ ਲਈ ਹਰੀ ਖਾਦ ਉਗਾਓ

• ਗੁਰਪ੍ਰੀਤ ਸਿੰਘ, ਅਮਨਦੀਪ ਕੌਰ

ਜ਼ਮੀਨ ਦੀ ਚੰਗੀ ਸਿਹਤ ਟਿਕਾਊ ਖੇਤੀ ਦਾ ਆਧਾਰ ਹੈ। ਪੰਜਾਬ 'ਚ ਕਣਕ-ਝੋਨਾ ਫ਼ਸਲੀ ਚੱਕਰ, ਵੱਧ ਫ਼ਸਲੀ ਘਣਤਾ, ਰਸਾਇਣਕ ਖਾਦਾਂ ਉੱਪਰ ਨਿਰਭਰਤਾ ਕਾਰਨ ਜ਼ਮੀਨ 'ਚ ਖ਼ੁਰਾਕੀ ਤੱਤਾਂ ਦੀ ਘਾਟ ਆ ਰਹੀ ਹੈ। ਰਸਾਇਣਾਂ ਦੀ ਵਰਤੋਂ ਤੋਂ ਬਾਅਦ ਜੈਵਿਕ ਖਾਦਾਂ ਦੀ ਵਰਤੋਂ ਘਟ ਗਈ ਹੈ। ਫ਼ਸਲ ਦੀ ਚੰਗੀ ਪੈਦਾਵਾਰ ਲਈ ਜ਼ਮੀਨ ਦੇ ਭੌਤਿਕ, ਰਸਾਇਣਕ ਤੇ ਜੈਵਿਕ ਗੁਣਾਂ ਨੂੰ ਬਰਕਰਾਰ ਰੱਖਣਾ ਜ਼ਰੂਰੀ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਹਰੀ ਖਾਦ ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਕਿਸੇ ਫ਼ਸਲ ਦੇ ਹਰੇ ਮਾਦੇ ਨੂੰ ਵਾਹ ਕੇ ਜ਼ਮੀਨ 'ਚ ਦੱਬਣ ਨੂੰ ਹਰੀ ਖਾਦ ਆਖਦੇ ਹਨ। ਹਰੇ ਮਾਦੇ ਦੇ ਗਲ਼ਣ ਨਾਲ ਜ਼ਮੀਨ ਵਿਚਲੇ ਖ਼ੁਰਾਕੀ ਤੱਤ ਘੁਲਣਸ਼ੀਲ ਹੋ ਜਾਂਦੇ ਹਨ ਤੇ ਬੂਟੇ ਦੀ ਖ਼ੁਰਾਕ ਦਾ ਹਿੱਸਾ ਬਣਦੇ ਹਨ। ਜੰਤਰ/ਢੰਚਾ, ਸਣ ਤੇ ਰਵਾਂਹ ਨੂੰ ਹਰੀ ਖਾਦ ਵਜੋਂ ਪਹਿਲ ਦਿੱਤੀ ਜਾਂਦੀ ਹੈ।

ਹਰੀ ਖਾਦ ਨੂੰ ਖੇਤ ਵਿਚ ਦੱਬਣਾ

40-50 ਦਿਨਾਂ ਦੀ ਹਰੀ ਖਾਦ ਦੀ ਫ਼ਸਲ ਖੇਤ ਵਿਚ ਦੱਬਣ ਲਈ ਤਿਆਰ ਹੋ ਜਾਂਦੀ ਹੈ। ਝੋਨੇ ਦੀ ਲਵਾਈ ਤੋਂ ਇਕ ਦਿਨ ਪਹਿਲਾਂ ਤੇ ਮੱਕੀ ਬੀਜਣ ਤੋ 10 ਦਿਨ ਪਹਿਲਾਂ ਹਰੀ ਖਾਦ ਨੂੰ ਡਿਸਕ ਹੈਰੋ ਜਾਂ ਰੋਟਾਵੇਟਰ ਦੀ ਮਦਦ ਨਾਲ ਖੇਤ ਵਿਚ ਦਬਾਅ ਦੇਵੋ।

ਬਿਜਾਈ

ਹਰੀ ਖਾਦ ਦੀ ਬਿਜਾਈ ਹਾੜੀ ਦੀ ਕਿਸੇ ਵੀ ਫ਼ਸਲ ਤੋਂ ਬਾਅਦ ਕੀਤੀ ਜਾ ਸਕਦੀ ਹੈ। ਜੰਤਰ ਜਾਂ ਸਣ ਲਈ ਪ੍ਰਤੀ ਏਕੜ 20 ਕਿੱਲੋ ਜਾਂ 12 ਕਿਲੋ ਰਵਾਂਹ ਦਾ ਬੀਜ ਮਈ ਦੇ ਪਹਿਲੇ ਹਫ਼ਤੇ ਤਕ ਬੀਜੋ।

ਢੈਂਚਾ : ਪੀਏਯੂ ਵੱਲੋਂ ਹਰੀ ਖਾਦ ਲਈ ਪੰਜਾਬ ਢੈਂਚਾ-1 ਕਿਸਮ ਦੀ ਸਿਫਾਰਸ਼ ਕੀਤੀ ਗਈ ਹੈ। ਇਹ 40- 50 ਦਿਨਾਂ ਵਿਚ ਖੇਤ 'ਚ ਦੱਬਣ ਲਈ ਤਿਆਰ ਹ�ो ਜਾਂਦੀ ਹੈ।

ਸਣ : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਣ ਦੀ ਪੀਏਯੂ-1691 ਤੇ ਨਰਿੰਦਰ ਸਨਈ-1 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਕਿਸਮ 45-60 ਦਿਨਾਂ 'ਚ ਤਿਆਰ ਹੋ ਜਾਂਦੀ ਹੈ।

ਰਵਾਂਹ : ਰਵਾਂਹ ਦੀਆਂ ਦੋ ਕਿਸਮਾਂ ਸੀਐੱਲ-367 ਤੇ ਰਵਾਂਹ-88 ਪੰਜਾਬ ਵਿਚ ਕਾਸ਼ਤ ਲਈ ਸਿਫਾਰਸ਼ ਕੀਤੀ ਗਈ ਹੈ।

ਫ਼ਸਲ ਦੇ ਚੰਗੇ ਜੰਮ ਲਈ ਢੈਂਚੇ ਤੇ ਸਣ ਦਾ ਬੀਜ 8 ਘੰਟੇ ਪਾਣੀ 'ਚ ਭਿਓਂ ਲੈਣਾ ਚਾਹੀਦਾ ਹੈ। ਜੇ ਮਿੱਟੀ ਘੱਟ ਫਾਸਫੋਰਸ ਵਾਲੀ ਹੋਵੇ ਤਾਂ ਹਰੀ ਖਾਦ ਦੀ ਫ਼ਸਲ ਨੂੰ 75 ਕਿੱਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਓ। ਹਰੀ ਖਾਦ ਤੋਂ ਬਾਅਦ ਵਾਲੀ ਸਾਉਣੀ ਦੀ ਫ਼ਸਲ ਨੂੰ ਫਾਸਫੋਰਸ ਖਾਦ ਦੀ ਲੋੜ ਨਹੀਂ ਰਹਿੰਦੀ। ਜੇ ਮਿੱਟੀ ਦਰਮਿਆਨੀ ਤੋਂ ਜ਼ਿਆਦਾ ਫਾਸਫੋਰਸ ਵਾਲੀ ਹੋਵੇ ਤੇ ਹਾੜੀ ਦੀ ਫ਼ਸਲ ਨੂੰ ਫਾਸਫੋਰਸ ਖਾਦ ਪਾਈ ਹੋਵੇ ਤਾਂ ਹਰੀ ਖਾਦ ਦੀ ਫ਼ਸਲ 'ਚ ਫਾਸਫੋਰਸ ਦੀ ਵਰਤੋਂ ਨਾ ਕਰੋ। ਹਰੀ ਖਾਦ ਨੂੰ ਨਾਈਟਰੋਜ਼ਨ ਤੱਤ ਵਾਲੀ ਰਸਾਇਣਕ ਖਾਦ ਦੀ ਸਿਫਾਰਸ ਨਹੀ ਕੀਤੀ ਜਾਂਦੀ।

ਖਾਦ ਦੀ ਬੱਚਤ

ਜੇ 40-50 ਦਿਨ ਦੀ ਹਰੀ ਖਾਦ ਵਾਹ ਕੇ ਖੇਤ 'ਚ ਦੱਬੀ ਹੋਵੇ ਤਾਂ ਖੇਤ 'ਚ 25 ਕਿੱਲੋ ਨਾਈਟਰੋਜਨ ਜਾਂ 55 ਕਿੱਲੋ ਯੂਰੀਆ ਦੀ ਪ੍ਰਤੀ ਏਕੜ ਬੱਚਤ ਹੁੰਦੀ ਹੈ। ਹਰੀ ਖਾਦ ਤੋਂ ਬਾਅਦ ਜੇ ਬਾਸਮਤੀ ਦੀ ਫ਼ਸਲ ਲੈਣੀ ਹੋਵੇ ਤਾਂ ਫ਼ਸਲ ਨੂੰ ਨਾਈਟਰੋਜਨ ਖਾਦ ਦੀ ਲੋੜ ਨਹੀ ਪੈਂਦੀ ਹੈ। ਹਲਕੀਆਂ ਜ਼ਮੀਨਾਂ 'ਚ ਲੋਹੇ ਦੀ ਘਾਟ ਦੂਰ ਕਰਨ ਲਈ ਹਰੀ ਖਾਦ ਲਾਹੇਵੰਦ ਹੁੰਦੀ ਹੈ। ਕਲਰਾਠੀਆਂ ਜ਼ਮੀਨਾਂ 'ਚ ਹਰੀ ਖਾਦ ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਲਈ ਹਰੀ ਖਾਦ ਨੂੰ ਰੂੜੀ ਦੇ ਬਦਲ ਵਜੋਂ ਵਰਤਿਆ ਜਾ ਸਕਦਾ ਹੈ। •

ਮੋਬਾਈਲ 98728-73417

ਖੇਤ ਦੀ ਮਿੱਟੀ ਦੀ ਪਰਖ ਨਾ ਕਰਵਾਈ ਗਈ ਹੋਵੇ ਤਾਂ ਖਾਦਾਂ ਦੀ ਵਰਤੋਂ ਬੇਲੋੜੀ ਵਧ ਸਕਦੀ ਹੈ। ਫ਼ਸਲ ਨੂੰ ਬਹੁਤ ਸਾਰੀਆਂ ਬਿਮਾਰੀਆਂ ਮਿੱਟੀ ਤੋਂ ਅਤੇ ਖਾਦਾਂ ਦੀ ਜ਼ਿਆਦਾ ਵਰਤੋਂ ਕਾਰਨ ਲੱਗਦੀਆਂ ਹਨ। ਜਿਸ ਨਾਲ ਖੇਤੀ ਲਾਗਤ ਕਾਫੀ ਵਧ ਜਾਂਦੀ ਹੈ। ਖਾਦਾਂ ਦੀ ਲੋੜ ਅਨੁਸਾਰ ਵਰਤੋਂ ਕਰਨ ਲਈ ਮਿੱਟੀ ਦੀ ਪਰਖ ਇਕ ਬਿਹਤਰ ਹੱਲ ਹੈ...

ਖਾਦਾਂ ਦੀ ਸੁਚੱਜੀ ਵਰਤੋਂ ਲਈ ਮਿੱਟੀ ਦੀ ਪਰਖ

ਖਾਦਾਂ ਦੀ ਅਸੰਤੁਲਿਤ ਵਰਤੋਂ ਝੋਨੇ ਤੇ ਬਾਸਮਤੀ 'ਚ ਕਈ ਸਮੱਸਿਆਵਾਂ ਪੈਦਾ ਕਰਦੀ ਹੈ ਤੇ ਕਈ ਬਿਮਾਰੀਆਂ ਨਾਈਟਰੋਜਨ ਵਾਲੀਆਂ ਖਾਦਾਂ ਦੀ ਜ਼ਿਆਦਾ ਵਰਤੋਂ ਕਾਰਨ ਹੁੰਦੀਆਂ ਹਨ। ਇਸ ਲਈ ਜ਼ਮੀਨ ਵਿਚ ਖਾਦਾਂ ਦੀ ਲੋੜ ਦਾ ਪਤਾ ਲਗਾਉਣ ਲਈ ਮਿੱਟੀ ਦੀ ਪਰਖ ਕਰਵਾਉਣੀ ਚਾਹੀਦੀ ਹੈ।

ਮਿੱਟੀ ਦਾ ਨਮੂਨਾ ਲੈਣ ਲਈ ਇਕਸਾਰ ਖੇਤ ਦੀ ਚੋਣ ਕਰ ਕੇ ਇਸ ਵਿੱਚੋਂ 7 ਥਾਵਾਂ 'ਤੇ ਨਿਸ਼ਾਨ ਲਗਾਓ। ਇਨ੍ਹਾਂ ਥਾਵਾਂ ਤੋਂ ਘਾਹ-ਫੂਸ ਹਟਾ ਕੇ ਕਹੀ ਜਾਂ ਰੰਬੇ ਨਾਲ ਅੰਗਰੇਜ਼ੀ ਦੇ 'ਵੀ' ਅੱਖਰ ਦੀ ਸ਼ਕਲ ਦਾ 6 ਇੰਚ ਡੂੰਘਾ ਟੋਆ ਪੁੱਟ ਕੇ ਟੋਏ ਦੇ ਇਕ ਕੱਟ ਵਾਲੇ ਪਾਸਿਓਂ ਇਕ ਇੰਚ ਮਿੱਟੀ ਦੀ ਤਹਿ ਉਪਰ ਤੋਂ ਥੱਲੇ ਤਕ ਰੰਬੇ ਨਾਲ ਇਕਸਾਰ ਉਤਾਰ ਕੇ ਬਾਲਟੀ 'ਚ ਪਾ ਲਓ। ਇਸੇ ਤਰ੍ਹਾਂ ਬਾਕੀ ਥਾਵਾਂ ਤੋਂ ਵੀ ਮਿੱਟੀ ਲੈ ਲਵੋ।

ਮਿੱਟੀ ਦੇ ਇਨ੍ਹਾਂ ਨਮੂਨਿਆਂ ਨੂੰ ਸਾਫ਼ ਕੱਪੜਾ ਵਿਛਾ ਕੇ ਮਿਲਾ ਲਵੋ ਤੇ ਇਸ ਨੂੰ ਚਾਰ ਹਿੱਸਿਆਂ 'ਚ ਵੰਡ ਲਵੋ। ਢੇਰੀ ਦੇ ਆਹਮੋ-ਸਾਹਮਣੇ ਵਾਲੇ ਦੋ ਹਿੱਸਿਆਂ ਨੂੰ ਫਿਰ ਮਿਲਾ ਕੇ ਨਵੀਂ ਢੇਰੀ ਬਣਾ ਲੈਣੀ ਚਾਹੀਦੀ ਹੈ। ਫਿਰ ਇਸ ਢੇਰੀ ਨੂੰ ਚਾਰ ਹਿੱਸਿਆਂ 'ਚ ਵੰਡਣ ਉਪਰੰਤ ਆਹਮੋ-ਸਾਹਮਣੇ

ਵਾਲੇ ਹਿੱਸਿਆਂ ਦੀ ਵੱਖਰੀ ਢੇਰੀ ਬਣਾ ਲਵੋ। ਇਸ ਤਰ੍ਹਾਂ ਕਰਦੇ ਹੋਏ ਜਦੋਂ ਅੱਧਾ ਕਿੱਲੋ ਮਿੱਟੀ ਰਹਿ ਜਾਏ ਤਾਂ ਉਸ ਨੂੰ ਸਾਫ਼ ਥੈਲੀ 'ਚ ਪਾ ਕੇ ਥੈਲੀ ਉੱਪਰ ਕਿਸਾਨ ਦਾ ਨਾਂ, ਪਤਾ, ਨਮੂਨਾ ਲੈਣ ਦੀ ਤਰੀਕ ਆਦਿ ਲਿਖ ਲਓ। ਵੱਖ-ਵੱਖ ਉਪਜਾਊ ਸ਼ਕਤੀ ਵਾਲੇ ਖੇਤਾਂ ਦੇ ਵੱਖ-ਵੱਖ ਨਮੂਨੇ ਲੈਣੇ ਚਾਹੀਦੇ ਹਨ ਤੇ 10 ਏਕੜ ਰਕਬੇ ਵਿੱਚੋਂ ਇਕ ਨਮੂਨਾ ਲਿਆ ਜਾ ਸਕਦਾ ਹੈ।

ਲੂਣੀਆਂ ਖਾਰੀਆਂ ਜਾਂ ਕੱਲਰ ਤੋਂ ਪ੍ਰਭਾਵਿਤ ਜ਼ਮੀਨਾਂ ਦੇ ਸੁਧਾਰ ਲਈ ਮਿੱਟੀ ਦਾ ਨਮੂਨਾ ਲੈਣ ਲਈ ਖੇਤ 'ਚ 3 ਫੁੱਟ ਡੂੰਘਾ ਟੋਆ ਪੁੱਟੋ ਜਿਸ ਦਾ ਇਕ ਪਾਸਾ ਸਿੱਧਾ ਅਤੇ ਦੂਜਾ ਪਾਸਾ ਤਿਰਛਾ ਹੋਏ। ਟੋਏ ਦੇ ਸਿੱਧੇ ਪਾਸੇ ਤੋਂ ਖੁਰਪੇ ਨਾਲ 0-6 ਇੰਚ, 6-12 ਇੰਚ, 12-24 ਇੰਚ ਤੇ 24 ਤੋਂ 36 ਇੰਚ ਦੀ ਡੂੰਘਾਈ 'ਤੋਂ ਇਕ-ਇਕ ਇੰਚ ਮੋਟੀ ਮਿੱਟੀ ਦੀ ਤਹਿ ਉੱਪਰੋਂ ਹੇਠਾਂ ਵੱਲ ਅਲੱਗ-ਅਲੱਗ ਕੱਟੋ। ਹਰ ਡੂੰਘਾਈ ਦੇ ਨਮੂਨੇ ਸਾਫ ਕੱਪੜੇ ਦੀ ਵੱਖਰੀ ਥੈਲੀ ਵਿਚ ਪਾ ਕੇ ਇਨ੍ਹਾਂ ਥੈਲੀਆਂ ਉਪਰ ਨਮੂਨੇ ਦੀ ਡੂੰਘਾਈ, ਕਿਸਾਨ ਦਾ ਨਾਂ, ਪਤਾ, ਨਮੂਨਾ ਲੈਣ ਦੀ ਤਰੀਕ ਆਦਿ ਲਿਖੋ। ਹਰ ਨਮੂਨੇ ਦੀ ਮਿੱਟੀ ਅੱਧਾ ਕਿੱਲੋ ਹੋਣੀ ਚਾਹੀਦੀ ਹੈ। ਜੇ ਨਮੂਨੇ ਲੈਣ ਵਾਲੀ ਡੂੰਘਾਈ ਵਿਚ ਕੰਕਰ ਜਾਂ ਰੋੜੀ ਆਦਿ ਆ ਜਾਏ ਤਾਂ ਉਸ ਦੀ ਡੂੰਘਾਈ ਤੇ ਮੋਟਾਈ ਨੋਟ ਕਰ ਕੇ ਵੱਖਰਾ ਨਮੂਨਾ ਲਵੋ। ਮਿੱਟੀ ਦੀ ਪਰਖ ਵਾਸਤੇ ਲਏ ਗਏ ਨਮੂਨੇ ਨੂੰ ਸਿਰਫ ਛਾਵੇਂ ਹੀ ਸੁਕਾਉਣਾ ਚਾਹੀਦਾ ਹੈ।

ਸੁਕਾਉਣ ਵੇਲੇ ਇਸ ਗੱਲ ਦਾ ਧਿਆਨ ਰੱਖੋ ਕਿ ਮਿੱਟੀ ਵਿਚ ਖਾਦ ਜਾਂ ਹੋਰ ਅਜਿਹਾ ਪਦਾਰਥ ਨਾ ਰਲੇ। ਥੈਲੀਆਂ, ਕੱਪੜਾ, ਬਾਲਟੀ, ਰੰਬੇ ਆਦਿ ਨੂੰ ਖਾਦ ਜਾਂ ਦਵਾਈ ਨਾ ਲੱਗੀ ਹੋਏ ਤੇ ਨਾ ਹੀ ਖੇਤ ਵਿਚ ਉਸ ਮੌਕੇ ਖਾਦ ਪਾਈ ਗਈ ਹੋਏ। ਰੂੜੀ ਦੇ ਢੇਰ, ਵਾੜ, ਰਸਤੇ ਅਤੇ ਪਾਣੀ ਵਾਲੀ ਖਾਲ ਦੇ ਨੇੜਿਓਂ ਨਮੂਨਾ ਨਾ ਲਿਆ ਜਾਏ। ਜੇ ਨਮੂਨਾ ਲੈਣ ਵੇਲੇ ਖੇਤ 'ਚ ਫ਼ਸਲ ਖੜ੍ਹੀ ਹੋਏ ਤਾਂ ਫਸਲ ਦੀਆਂ ਕਤਾਰਾਂ ਵਿੱਚੋਂ ਮਿੱਟੀ ਦਾ ਨਮੂਨਾ ਲਿਆ ਜਾਵੇ। •

ਕੰਬਾਈਨ ਨਾਲ ਕਣਕ ਦੀ ਸੁਚੱਜੀ ਕਟਾਈ

• ਬਲਦੇਵ ਡੋਗਰਾ, ਮਹੇਸ਼ ਕੁਮਾਰ ਨਾਰੰਗ

ਕੰਬਾਈਨ ਨਾਲ ਕਟਾਈ ਕਰਦੇ ਸਮੇਂ ਸਭ ਤੋਂ ਵੱਧ ਨੁਕਸਾਨ ਪਛੇਤੀ ਕਣਕ ਦਾ ਹੁੰਦਾ ਹੈ। ਕਟਾਈ 10 ਤੋਂ12 ਫ਼ੀਸਦੀ ਨਮੀ ਰਹਿਣ 'ਤੇ ਹੀ ਕਰਨੀ ਚਾਹੀਦੀ ਹੈ। ਨਮੀ ਦੀ ਜ਼ਿਆਦਾ ਮਾਤਰਾ ਕਾਰਨ ਦਾਣਿਆਂ ਦੀ ਟੁੱਟ-ਭੱਜ ਵਧ ਜਾਂਦੀ ਹੈ ਅਤੇ ਘੱਟ ਨਮੀ ਹੋਣ 'ਤੇ ਦਾਣੇ ਖੇਤ ਵਿਚ ਕਿਰਨੇ ਸ਼ੁਰੂ ਹੋ ਜਾਂਦੇ ਹਨ...

ਪੰਜਾਬ ਵਿਚ ਕਣਕ ਦੀ 75 ਫ਼ੀਸਦੀ ਕਟਾਈ ਕੰਬਾਈਨ ਨਾਲ ਕੀਤੀ ਜਾਂਦੀ ਹੈ। ਬਾਕੀ ਫ਼ਸਲ ਰੀਪਰ ਨਾਲ ਜਾਂ ਹੱਥੀ ਕੱਟੀ ਜਾਂਦੀ ਹੈ। ਕੰਬਾਈਨ ਨਾਲ ਕਟਾਈ ਆਮ ਤੌਰ 'ਤੇ ਕਿਰਾਏ 'ਤੇ ਕਰਵਾਈ ਜਾਂਦੀ ਹੈ। ਕੰਬਾਈਨ ਆਪ੍ਰੇਟਰ ਕੰਮ ਨੂੰ ਜਲਦੀ ਮੁਕਾਉਣਾ ਚਾਹੁੰਦੇ ਹਨ ਤੇ ਇਸ ਜ਼ਲਦਬਾਜ਼ੀ 'ਚ ਕਿਸਾਨ ਦਾ ਕੁਝ ਨੁਕਸਾਨ ਹੋ ਜਾਂਦਾ ਹੈ। ਇਸ ਨੁਕਸਾਨ ਬਾਰੇ ਜੇ ਕੰਬਾਈਨ ਚਾਲਕ ਨੂੰ ਸੁਚੇਤ ਕੀਤਾ ਜਾਵੇ ਤਾਂ ਇਸ ਨੁਕਸਾਨ ਨੂੰ ਕਾਫੀ ਘੱਟ ਕੀਤਾ ਜਾ ਸਕਦਾ ਹੈ। ਸਭ ਤੋਂ ਵੱਧ ਨੁਕਸਾਨ ਪਛੇਤੀ ਕਟਾਈ ਵਾਲੀ ਕਣਕ ਦਾ ਹੁੰਦਾ ਹੈ। ਕਟਾਈ 10-12 ਫ਼ੀਸਦੀ ਨਮੀ ਰਹਿਣ 'ਤੇ ਕਰਨੀ ਚਾਹੀਦੀ ਹੈ। ਜੇ ਨਮੀ ਇਸ ਤੋਂ ਘੱਟ ਹੋਵੇ ਤਾਂ ਰੀਲ੍ਹ ਜਾਂ ਫਿਰਕੀ ਨਾਲ ਹੋਣ ਵਾਲਾ ਨੁਕਸਾਨ ਵਧ ਜਾਂਦਾ ਹੈ।

ਘੱਟ ਨਮੀ ਕਾਰਨ ਹੋਣ ਵਾਲਾ ਨੁਕਸਾਨ

ਜਿਵੇਂ-ਜਿਵੇਂ ਫ਼ਸਲ ਦੀ ਨਮੀ ਘਟਦੀ ਹੈ, ਖੇਤ 'ਚ ਦਾਣੇ ਕਿਰਨੇ ਸ਼ੁਰੂ ਹੋ ਜਾਂਦੇ ਹਨ। ਕਟਾਈ ਦੇ ਲੇਟ ਹੋਣ ਕਾਰਨ ਫਿਰਕੀ ਨਾਲ ਹੋਣ ਵਾਲਾ ਨੁਕਸਾਨ ਵਧ ਜਾਂਦਾ ਹੈ।

ਫਿਰਕੀ ਨਾਲ ਹੋਣ ਵਾਲਾ ਨੁਕਸਾਨ

ਕੰਬਾਈਨ ਵਿਚ ਫ਼ਸਲ ਨੂੰ ਕੰਬਾਈਨ ਵੱਲ ਧੱਕਣ ਵਾਸਤੇ ਇਕ ਫਿਰਕੀ ਲੱਗੀ ਹੁੰਦੀ ਹੈ। ਇਸ ਦੀ ਉਚਾਈ ਤੇ ਚਾਲ ਫ਼ਸਲ ਦੇ ਅਨੁਸਾਰ ਸੈੱਟ ਕਰ ਲੈਣੀ ਚਾਹੀਦੀ ਹੈ। ਜੇ ਨਮੀ ਘੱਟ ਹੋਵੇ ਤਾਂ ਫਿਰਕੀ ਨਾਲ ਵੀ ਕੁਝ ਦਾਣੇ ਖੇਤ 'ਚ ਡਿੱਗ ਪੈਂਦੇ ਹਨ। ਇਸ ਲਈ ਫਿਰਕੀ ਦੀ ਸੈਟਿੰਗ ਤੇ ਫ਼ਸਲ ਦੀ ਨਮੀ ਦਾ ਸਹੀ ਹਿਸਾਬ ਰੱਖਣਾ ਬਹੁਤ ਜ਼ਰੂਰੀ ਹੈ।

ਗਹਾਈ ਨਾਲ ਹੋਣ ਵਾਲਾ ਨੁਕਸਾਨ

ਜਦੋਂ ਕੰਬਾਈਨ ਨਾਲ ਕਟਾਈ ਕੀਤੀ ਜਾਂਦੀ ਹੈ ਤਾਂ ਕੁਝ ਮਲਬਾ ਉਸ ਦੇ ਪਿੱਛੇ ਡਿੱਗਦਾ ਹੈ।

ਦਾਣਿਆਂ ਦੀ ਟੁੱਟ-ਭੱਜ

ਜੇ ਕੰਬਾਈਨ ਦੇ ਗਹਾਈ ਥਰੈਸਰ ਦੀ ਰਫ਼ਤਾਰ ਜਾਂ ਸਿਲੰਡਰ ਤੇ ਕਨਕੇਵ ਬੈਲਟ ਦਰਮਿਆਨ ਵਿੱਥ ਸਹੀ ਨਾ ਹੋਵੇ ਤਦ ਵੀ ਕੰਬਾਈਨ ਵਿਚ ਦਾਣਿਆਂ ਦੀ ਟੁੱਟ-ਭੱਜ ਵਧ ਜਾਂਦੀ ਹੈ।

ਕਈ ਵਾਰ ਇਸ ਵਿਚ ਵੀ ਦਾਣੇ ਅਤੇ ਸਿੱਟੇ ਰਹਿ ਜਾਂਦੇ ਹਨ।

ਨੁਕਸਾਨ ਦਾ ਅੰਦਾਜ਼ਾ ਲਗਾਉਣਾ

ਕੰਬਾਈਨ ਨਾਲ ਕਟਾਈ ਤੋਂ ਪਹਿਲਾਂ ਕਿਰੇ ਹੋਏ ਦਾਣਿਆਂ ਦਾ ਹਿਸਾਬ ਜਾਂਚਣਾ ਚਾਹੀਦਾ ਹੈ। ਇਸ ਵਾਸਤੇ ਇਕ ਵਰਗ ਮੀਟਰ ਖੇਤ ਦੀ ਕਣਕ ਦਾਤਰੀ ਨਾਲ ਕੱਟ ਲਵੋ। ਇਸ ਜਗ੍ਹਾ ਤੋਂ ਕਿਰੇ ਹੋਏ ਦਾਣਿਆਂ ਨੂੰ ਇਕੱਠੇ ਕਰੋ। ਇਸ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿੰਨੇ ਦਾਣੇ ਕੰਬਾਈਨ ਚੱਲਣ ਤੋਂ ਪਹਿਲਾਂ ਹੀ ਖੇਤ ਵਿਚ ਡਿੱਗੇ ਹੋਏ ਹਨ। ਜੇ ਦਾਣਿਆਂ ਦੀ ਗਿਣਤੀ ਪ੍ਰਤੀ ਵਰਗ ਮੀਟਰ 100 ਹੋਵੇ ਤਾਂ ਕਹਿ ਸਕਦੇ ਹਾਂ ਕਿ ਲਗਪਗ ਇਕ ਫ਼ੀਸਦੀ ਝਾੜ ਦਾ ਨੁਕਸਾਨ ਹੈ। ਇਸੇ ਤਰ੍ਹਾਂ ਕੰਬਾਈਨ ਚੱਲਣ ਉਪਰੰਤ 4-5 ਥਾਵਾਂ ਤੋਂ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਕਿਰੇ ਹੋਏ ਦਾਣੇ ਤੇ ਸਿੱਟੇ ਇਕੱਠੇ ਕਰ ਸਕਦੇ ਹਾਂ। ਸਿੱਟਿਆ ਤੋਂ ਦਾਣੇ ਭੋਰ ਕੇ ਅੰਦਾਜ਼ਾ ਲੱਗ ਸਕਦਾ ਹੈ ਕਿ ਕੰਬਾਈਨ ਨਾਲ ਅਣਗਾਹੇ ਦਾਣੇ ਤਾਂ ਨਹੀ ਡਿੱਗ ਰਹੇ। ਇਸ ਤਰ੍ਹਾਂ ਔਸਤ ਪ੍ਰਤੀ ਵਰਗ ਮੀਟਰ ਜਿੰਨੇ ਦਾਣੇ ਕੰਬਾਈਨ ਦੇ ਪਿੱਛੇ ਡਿਗ ਜਾਂਦੇ ਹਨ, ਇਨ੍ਹਾਂ ਦਾਣਿਆਂ ਤੋਂ ਨੁਕਸਾਨ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜੇ ਦਾਣੇ ਕੰਬਾਈਨ ਦੇ ਪਿੱਛੇ ਡਿੱਗੇ ਮਲਬੇ 'ਚੋਂ ਚੁਗੇ ਗਏ ਹਨ ਤਾਂ ਇਨ੍ਹਾਂ ਨੂੰ ਕਟਰ-ਬਾਰ ਦੀ ਮੀਟਰਾਂ ਵਿਚਲੀ ਚੌੜਾਈ ਨਾਲ ਤਕਸੀਮ ਕਰੋ।

ਦਾਣਿਆਂ ਦੀ ਟੁੱਟ-ਭੱਜ ਦੀ ਜਾਂਚ ਵਾਸਤੇ ਸਾਨੂੰ ਟਰਾਲੀ ਜਾਂ ਕੰਬਾਈਨ ਦੇ ਟੈਂਕ ਵਿੱਚੋਂ 100 ਗ੍ਰਾਮ ਦਾਣੇ ਲਵੋ। ਇਨ੍ਹਾਂ 'ਚੋਂ ਤੂੜੀ ਤੇ ਟੁੱਟੇ ਦਾਣੇ ਅੱਡ-ਅੱਡ ਕਰ ਲਵੋ। ਇਸ ਤਰੀਕੇ ਨਾਲ ਅਸੀ ਦਾਣਿਆਂ ਦੀ ਸਫ਼ਾਈ ਤੇ ਟੁੱਟੇ ਹੋਏ ਦਾਣਿਆਂ ਦਾ ਹਿਸਾਬ ਲਗਾ ਸਕਦੇ ਹਾਂ। ਜੇ ਨੁਕਸਾਨ 4 ਫ਼ੀਸਦੀ ਤੋਂ ਵੱਧ ਹੋਵੇ ਤਾਂ ਕੰਬਾਈਨ ਚਾਲਕ ਨੂੰ ਜਾਣੂ ਕਰਵਾ ਕੇ ਦਾਣਿਆਂ ਦੇ ਨੁਕਸਾਨ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਜਾਵੇ। •

ਕੰਬਾਈਨ ਚਲਾਉਣ ਸਮੇਂ ਜ਼ਰੂਰੀ ਸਾਵਧਾਨੀਆਂ

- ਕੰਬਾਈਨ ਚਲਾਉਂਦੇ ਸਮੇਂ ਨਸ਼ੇ ਦੀ ਵਰਤੋਂ ਨਾ ਕਰੋ।
- ਕੰਬਾਈਨ ਚਾਲਕ ਨੂੰ ਢਿੱਲੇ ਕਪੜੇ ਨਹੀ ਪਾਉਣੇ ਚਾਹੀਦੇ।
- ਚੱਲਦੇ ਪਟੇ ਜਾਂ ਬੈਲਟ ਉੱਪਰੋਂ ਨਾ ਲੰਘੋ।
- ਚੱਲਦੀ ਕੰਬਾਈਨ 'ਤੇ ਚੜ੍ਹਨਾ ਜਾਂ ਉਤਰਨਾ ਨਹੀਂ ਚਾਹੀਦਾ।

ਜ਼ਮੀਨ ਜਾਇਦਾਦ

ਯਰਤੀ, ਯਨ ਨਾ ਆਯਣਾ...



ਪੈਨਸ਼ਨ ਸਬੰਧੀ ਸਮੱਸਿਆ ਤੋਂ ਛੁਟਕਾਰਾ?

ਦੇਸ਼ 'ਚ ਪੈਨਸ਼ਨ ਦੀ ਹਾਲਤ ਇੰਨੀ ਖ਼ਰਾਬ ਹੈ ਕਿ ਸਾਨੂੰ ਮਹਿੰਗਾਈ ਜ਼ਿਆਦਾ ਹੋਣ ਦਾ ਡਰ ਸਤਾਉਂਦਾ ਹੈ। ਲੋਕਾਂ ਦੀ ਉਮਰ ਜਦੋਂ ਕਮਾਉਣ ਦੀ ਹੁੰਦੀ ਹੈ ਤਾਂ ਵੀ ਲੋਕ ਸੀਮਿਤ ਮਾਤਰਾ 'ਚ ਬਚਤ ਕਰ ਪਾਉਂਦੇ ਹਨ। ਇਸ ਲਈ ਕਮਾਉਂਦੇ ਸਮੇਂ ਹੀ ਬੱਚਤ ਕਰਨੀ ਚਾਹੀਦੀ ਹੈ...

ਭਾਰਤ 'ਚ ਪੈਨਸ਼ਨ ਸਮੱਸਿਆ ਵਧਾ ਕੇ ਨਹੀਂ ਬਲਕਿ ਘਟਾ ਕੇ ਦੂਰ ਕੀਤੀ ਜਾ ਸਕਦੀ ਹੈ। ਇਹ ਦਲੀਲ ਤੁਹਾਨੂੰ ਉਲਟ ਲੱਗ ਸਕਦੀ ਹੈ।

ਸਾਨੂੰ ਸਾਰਿਆਂ ਨੂੰ ਪੈਨਸ਼ਨ ਦੀ ਕਹਾਣੀ ਬਾਰੇ ਤਾਂ ਪਤਾ ਹੀ ਹੈ। ਭਾਰਤ 'ਚ ਪੈਨਸ਼ਨ ਕਵਰੇਜ ਬਹੁਤ ਘੱਟ ਹੈ। ਲੋਕਾਂ ਦੀ ਉਮਰ ਵੱਧ ਰਹੀ ਹੈ, ਇਸ ਲਈ ਆਬਾਦੀ ਵੱਧ ਰਹੀ ਹੈ। ਪਰਿਵਾਰ ਨੂੰ ਸੰਭਾਲਣ ਦੀਆਂ ਸਥਿਤੀਆਂ ਬਹੁਤ ਕਮਜ਼ੋਰ ਹੋ ਗਈਆਂ ਹਨ। ਇਹ ਸਭ ਮਿਲ ਕੇ ਇਕ ਪੈਨਸ਼ਨ ਟਾਈਮ ਬੰਮ ਬਣਾ ਰਹੇ ਹਨ। ਤਿੰਨ ਦਹਾਕੇ ਪਹਿਲਾਂ ਕੰਮ-ਕਾਜ ਤੋਂ ਲਾਚਾਰ ਅਤੇ ਪੈਸਿਆਂ ਦੀ ਤੰਗੀ ਨਾਲ ਲੜਨ ਵਾਲੇ ਬਜ਼ੁਰਗਾਂ ਦੀ ਗਿਣਤੀ ਜ਼ਿਆਦਾ ਸੀ। ਪੈਨਸ਼ਨ ਸਿਸਟਮ ਜਿਸ ਤਰ੍ਹਾਂ ਨਾਲ ਕੰਮ ਕਰਦਾ ਹੈ, ਉਸ ਦੇ ਤੌਰ ਤਰੀਕਿਆਂ 'ਚ ਤਬਦੀਲੀ ਨਹੀਂ ਆਉਂਦੀ ਤਾਂ ਅਸੀਂ ਜਲਦੀ ਹੀ ਮੁਸੀਬਤ 'ਚ ਫਸ ਜਾਵਾਂਗੇ। ਆਉਣ ਵਾਲੇ ਸਮੇਂ 'ਚ ਘੱਟ ਤੋਂ ਘੱਟ 30 ਕਰੋੜ ਬਜ਼ੁਰਗ ਹੋਣਗੇ ਅਤੇ ਉਨ੍ਹਾਂ 'ਚੋਂ ਕਈਆਂ ਦੀ ਉਮਰ 80 ਤੋਂ 90 ਸਾਲ ਹੋਵੇਗੀ। ਅਜਿਹੇ ਵੀ ਕਈ ਲੋਕ ਹੋਣਗੇ, ਜੋ ਕਮਾਉਣ ਦੀ ਉਮਰ 'ਚ ਹਰ ਸੰਭਵ ਬੱਚਤ ਕਰਨ ਦੇ ਬਾਵਜੂਦ ਬੁਢਾਪੇ 'ਚ ਪੈਸਿਆਂ ਦੀ ਮੁਸ਼ਕਲ ਨਾਲ ਸਾਹਮਣਾ ਕਰਨਗੇ।

ਅਜਿਹੀ ਹਾਲਤ 'ਚ ਕੀ ਐੱਨਪੀਐੱਸ ਸਲਿਊਸ਼ਨ ਕਾਰਗਰ ਹੋ ਸਕਦਾ ਹੈ? ਇਹ ਸਲਿਊਸ਼ਨ ਹੋ ਸਕਦਾ ਸੀ, ਜੇ ਲੋਕ ਇਸ 'ਚ ਵੱਡੀ ਸੰਖਿਆ 'ਚ ਭਾਗ ਲੈਂਦੇ। ਐੱਨਪੀਐੱਸ ਸਿਰਫ਼ ਇਨ੍ਹਾਂ ਅਰਥਾਂ 'ਚ ਕਾਮਯਾਬ ਮੰਨੀ ਜਾ ਸਕਦੀ ਹੈ ਕਿ ਇਸ ਨੇ ਸਰਕਾਰ ਦੀ ਅਗੇਤੀ ਪੈਨਸ਼ਨ ਦੇਣਦਾਰੀ ਖ਼ਤਮ ਕਰ ਦਿੱਤੀ ਹੈ। ਜਿੱਥੋਂ ਤਕ ਅਸੰਗਠਿਤ ਖੇਤਰਾਂ 'ਚ ਕਰੋੜਾਂ ਲੋਕਾਂ ਨੂੰ ਪੈਨਸ਼ਨ ਮੁਹੱਈਆ ਕਰਵਾਉਣ ਦੀ ਗੱਲ ਹੈ, ਇਸ ਦਿਸ਼ਾ 'ਚ ਕੁਝ ਖ਼ਾਸ ਨਹੀਂ ਹੋ ਰਿਹਾ।

ਸਰਕਾਰ ਨੇ ਇਸ ਦਿਸ਼ਾ 'ਚ ਅਹਿਮ ਕਦਮ ਚੁੱਕਦੇ ਹੋਏ ਐੱਨਪੀਐੱਸ ਦਾ ਸਸਤਾ ਵਰਜ਼ਨ ਅਟਲ ਪੈਨਸ਼ਨ ਯੋਜਨਾ ਪੇਸ਼ ਕੀਤਾ ਹੈ। ਇਸ ਸਕੀਮ 'ਚ 1000 ਤੋਂ 5000 ਰੁਪਏ ਪ੍ਰਤੀ ਮਹੀਨਾ ਤਕ ਦੇ ਪੰਜ ਪਲਾਨ ਹਨ। ਇਸ 'ਚ 1000 ਰੁਪਏ ਦੀ ਮਹੀਨਾਵਾਰ ਫੀਸ ਅਦਾ ਕਰਨੀ ਪੈਂਦੀ ਹੈ ਜਦਕਿ 5000 ਰੁਪਏ ਮਹੀਨਾਵਾਰ ਪੈਨਸ਼ਨ ਲਈ 39 ਸਾਲ ਦੇ ਵਿਅਕਤੀ ਨੂੰ 1318 ਰੁਪਏ ਮਹੀਨਾਵਾਰ ਫੀਸ ਦੇਣੀ ਪਵੇਗੀ।

ਸ਼ਹਿਰੀ ਐਸ਼ੋਆਰਾਮ 'ਚ ਜੀ ਰਿਹਾ ਭਾਰਤੀ ਨਾਗਰਿਕ ਕੁਝ ਕਹਿਣ ਦੀ ਸਥਿਤੀ 'ਚ ਨਹੀਂ ਹੋਵੇਗਾ। ਦੂਜੇ ਪਾਸੇ 1000 ਰੁਪਏ ਦੀ ਰਕਮ 40 ਸਾਲ ਤਕ ਮਹਿੰਗਾਈ ਝੱਲਣ ਤੋਂ ਬਾਅਦ ਮਹਿਜ 90 ਰੁਪਏ ਦਾ ਸਾਮਾਨ ਖ਼ਰੀਦਣਯੋਗ ਰਹਿ ਜਾਵੇਗੀ। ਰਿਟਾਇਰਮੈਂਟ 'ਤੇ ਬਸ ਇੰਨਾ ਹੀ ਮਿਲੇਗਾ ਤਾਂ ਕੀ ਫ਼ਾਇਦਾ ਹੋਵੇਗਾ? ਜੇ ਰਿਟਾਇਰਮੈਂਟ ਤੋਂ ਬਾਅਦ 20 ਸਾਲ ਹੋਰ ਜੋੜ ਲਏ ਜਾਣ ਤਾਂ ਸਾਡੀ ਮਹੀਨਾਵਾਰ ਤਨਖ਼ਾਹ ਇੰਨੀ ਨਹੀਂ ਹੋਵੇਗੀ ਕਿ ਉਸ ਤੋਂ ਲੋਕ ਸਸਤੀ ਤੋਂ ਸਸਤੀ ਜਗ੍ਹਾ 'ਤੇ ਵੀ ਇਕ ਦਿਨ ਖਾਣਾ ਖਾਧਾ ਜਾ ਸਕੇ।

ਜਿਵੇਂ ਅਸੀਂ ਸ਼ੁਰੂਆਤ 'ਚ ਕਿਹਾ ਸੀ ਕਿ ਲੋਕਾਂ ਦੀ ਪੈਨਸ਼ਨ ਦੀ ਜ਼ਰੂਰਤ ਘੱਟ ਤੋਂ ਘੱਟ ਹੋਵੇ। ਇਸ ਦੀ ਸਭ ਤੋਂ ਵੱਡੀ ਵਜ੍ਹਾ ਇਹ ਹੈ ਕਿ ਦੇਸ਼ 'ਚ ਪੈਨਸ਼ਨ ਦੀ ਹਾਲਤ ਇੰਨੀ ਖ਼ਰਾਬ ਹੈ ਕਿ ਸਾਨੂੰ ਮਹਿੰਗਾਈ ਜ਼ਿਆਦਾ ਹੋਣ ਅਤੇ ਪਬਲਿਕ ਹੈਲਥ ਸਿਸਟਮ ਬੇਕਾਰ ਹੋ ਜਾਣ ਦਾ ਡਰ ਸਤਾਉਂਦਾ ਹੈ। ਲੋਕਾਂ ਦੀ ਉਮਰ ਜਦੋਂ ਕਮਾਉਣ ਦੀ ਹੁੰਦੀ ਹੈ ਤਾਂ ਵੀ ਲੋਕ ਸੀਮਿਤ ਮਾਤਰਾ 'ਚ ਬਚਤ ਕਰ ਪਾਉਂਦੇ ਹਨ। ਅਜਿਹਾ ਇਨ੍ਹਾਂ ਦੋ ਕਾਰਨਾਂ ਕਰਕੇ ਹੈ। ਬੇਕਾਰ ਹੋ ਚੁੱਕਾ ਪਬਲਿਕ ਐਜੂਕੇਸ਼ਨ ਸਿਸਟਮ ਵੀ ਸਾਡੀ ਬੱਚਤ ਨੂੰ ਸੀਮਿਤ ਕਰਨ ਦਾ ਕੰਮ ਕਰਦਾ ਹੈ।

ਕੁਝ ਛੋਟੀਆਂ-ਛੋਟੀਆਂ ਚੀਜ਼ਾਂ ਵੀ ਹਨ। ਮਿਸਾਲ ਲਈ ਐੱਨਪੀਐੱਸ ਅਤੇ ਅਟਲ ਯੋਜਨਾ 'ਚ ਇਹ ਮੰਨ ਲਿਆ ਗਿਆ ਹੈ ਕਿ ਹਰ ਵਿਅਕਤੀ 60 ਸਾਲ ਦੀ ਉਮਰ 'ਚ ਕੰਮ ਕਰਨਾ ਅਤੇ ਯੋਗਦਾਨ ਦੇਣਾ ਬੰਦ ਕਰ ਦੇਵੇਗਾ ਅਤੇ ਪੈਨਸ਼ਨ ਲੈਣੀ ਸ਼ੁਰੂ ਕਰ ਦੇਵੇਗਾ। ਲੋਕ ਉਸ ਸਮੇਂ ਤਕ ਕੰਮ ਕਰਦੇ ਹਨ ਜਦੋਂ ਤਕ ਉਹ ਕਰ ਸਕਦੇ ਹਨ। ਬਹੁਤ ਸਾਰੇ ਲੋਕ ਤਾਂ 60-70 ਸਾਲ ਦੀ ਉਮਰ ਤੋਂ ਬਾਅਦ ਵੀ ਕਮਾਉਂਦੇ ਹਨ ਅਤੇ ਪੈਨਸ਼ਨ ਵੀ ਲੈਂਦੇ ਹਨ। •

ਪੇਮੈਂਟ ਬੈਂਕ ਦੇ ਫ਼ਾਇਦੇ

ਭਾਰਤੀ ਰਿਜ਼ਰਵ ਬੈਂਕ ਵੱਲੋਂ ਕਰੀਬ 11 ਇਕਾਈਆਂ ਨੂੰ ਪੇਮੈਂਟ ਬੈਂਕ ਲਈ ਮਨਜ਼ੂਰੀ ਦੇ ਦਿੱਤੀ ਹੈ, ਜਿਸ 'ਚ ਵੱਡੇ ਨਾਂ ਰਿਲਾਇੰਸ ਇੰਡਸਟਰੀ, ਆਦਿਤਿਆ ਬਿਰਲਾ, ਏਅਰਟੈਲ ਅਤੇ ਵੋਡਾਫਓਨ ਸ਼ਾਮਲ ਹਨ। ਅੱਜ ਅਸੀਂ ਤੁਹਾਨੂੰ ਪੇਮੈਂਟ ਬੈਂਕ ਨਾਲ ਜੁੜੀਆਂ ਕੁਝ ਗੱਲਾਂ ਬਾਰੇ ਦੱਸਾਂਗੇ...



ਪੇਮੈਂਟ ਬੈਂਕ ਛੋਟੇ ਬੈਂਕ ਹੁੰਦੇ ਹਨ ਜੋ ਮੁੱਖ ਤੌਰ 'ਤੇ ਮੋਬਾਇਲ ਫੋਨ ਦੇ ਮਾਧਿਅਮ ਨਾਲ ਗਾਹਕਾਂ ਤਕ ਆਪਣੀ ਪਹੁੰਚ ਬਣਾਉਂਦੇ ਹਨ। ਇਸ 'ਚ ਸੁਵਿਧਾਵਾਂ ਦਾ ਲਾਭ ਲੈਣ ਲਈ ਪਰੰਪਰਾਗਤ ਤੌਰ 'ਤੇ ਬੈਂਕ ਬ੍ਰਾਂਚ ਤਕ ਪਹੁੰਚਣ ਦੀ ਜ਼ਰੂਰਤ ਨਹੀਂ ਹੁੰਦੀ।

ਪੇਮੈਂਟ ਬੈਂਕ ਕੀ ਕਰ ਸਕਦਾ ਹੈ ਅਤੇ ਕੀ ਨਹੀਂ?

- ਕਰਜ਼ੇ ਦੀ ਪੇਸ਼ਕਸ਼ ਨਹੀਂ ਕਰ ਸਕਦਾ। ਤੁਹਾਡੇ ਖਾਤੇ 'ਚ ਇਕ ਲੱਖ ਰੁਪਏ ਤਕ ਦੀ ਰਾਸ਼ੀ ਜਮ੍ਹਾਂ ਕਰ ਸਕਦੇ ਹਨ ਅਤੇ ਆਮ ਬੈਂਕਾਂ ਦੇ ਸੇਵਿੰਗ ਖਾਤਿਆਂ ਦੀ ਤਰ੍ਹਾਂ ਜਮ੍ਹਾਂ ਰਾਸ਼ੀ 'ਤੇ ਵਿਆਜ ਦਾ ਭੁਗਤਾਨ ਕਰ ਸਕਦੇ ਹਨ।
- ਇਸ 'ਚ ਸਿਰਫ਼ ਮੋਬਾਇਲ ਫੋਨ ਦੇ ਮਾਧਿਅਮ ਨਾਲ ਪੈਸੇ ਜਮ੍ਹਾਂ ਜਾਂ ਭੇਜੇ ਜਾ ਸਕਦੇ ਹਨ।
- ਇਹ ਹਰ ਤਰ੍ਹਾਂ ਦੀਆਂ ਸੇਵਾਵਾਂ ਤੁਹਾਨੂੰ ਉਪਲਬਧ ਕਰਵਾਉਂਦੇ ਹਨ ਜਿਵੇਂ ਕਿ ਤੁਸੀਂ ਇਸ ਜ਼ਰੀਏ ਬਿੱਲ ਦਾ ਭੁਗਤਾਨ ਵੀ ਕਰ ਸਕਦੇ ਹੋ, ਬਿਨਾ ਨਕਦੀ ਦੇ ਕੋਈ ਸਾਮਾਨ ਖ਼ਰੀਦ ਸਕਦੇ ਹੋ ਅਤੇ ਮੋਬਾਈਲ ਫੋਨ ਦੇ ਮਾਧਿਅਮ ਨਾਲ ਚੈੱਕਲੇਸ ਟ੍ਰਾਂਜ਼ੈਕਸ਼ਨ ਕਰ ਸਕਦੇ ਹੋ।
- ਇਹ ਸਿੱਧੇ ਤੌਰ 'ਤੇ ਬੈਂਕ ਖਾਤਿਆਂ 'ਚ ਪੈਸਾ ਟ੍ਰਾਂਸਫਰ ਕਰ ਸਕਦੇ ਹਨ, ਬੈਂਕ ਤੋਂ ਜੁੜਨ ਵਾਲੇ ਇਸ ਗੇਟਵੇ ਲਈ ਕੋਈ ਸ਼ੁਲਕ ਨਹੀਂ ਲਗਦਾ।
- ਇਹ ਯਾਤਰੀਆਂ ਨੂੰ ਵਿਦੇਸ਼ੀ ਮੁਦਰਾ ਕਾਰਡ ਦੇ ਸਕਦੇ ਹਨ, ਜਿਸ ਦਾ ਇਸਤੇਮਾਲ ਡੈਬਿਟ ਅਤੇ ਏਟੀਐਮ ਕਾਰਡ ਦੇ ਤੌਰ 'ਤੇ ਪੂਰੇ ਭਾਰਤ 'ਚ ਨਹੀਂ ਕੀਤਾ ਜਾ ਸਕਦਾ।
- ਇਹ ਹੋਰ ਬੈਂਕਾਂ ਦੀ ਤੁਲਨਾ 'ਚ ਘੱਟ ਸ਼ੁਲਕ 'ਤੇ ਵਿਦੇਸ਼ੀ ਮੁਦਰਾ ਸੇਵਾਵਾਂ ਦੇ ਸਕਦੇ ਹਨ।
- ਤੀਜੀ ਪਾਰਟੀ ਲਈ ਮੈਕੇਨਿਜ਼ਮ ਵੀ ਦੇ ਸਕਦੇ ਹਨ ਜਿਵੇਂ 'ਐਪਲ ਪੇਅ'। ਇਹ ਕੁਝ ਤਰੀਕੇ ਹਨ ਜਿਨ੍ਹਾਂ ਨੂੰ ਅਪਣਾ ਕੇ ਤੁਸੀਂ ਭਵਿੱਖ 'ਚ ਵਿੱਤੀ ਸੁਰੱਖਿਅਤ ਰਹੋਗੇ।

ਬਿਜ਼ਨਸ ਦੀ ਰਜਿਸਟ੍ਰੇਸ਼ਨ ਲਾਜ਼ਮੀ ਕਰਵਾਓ

ਰਜਿਸਟ੍ਰੇਸ਼ਨ ਤੋਂ ਬਿਨਾ ਚਲਾਏ ਜਾਣ ਵਾਲੇ ਬਿਜ਼ਨਸ ਦੀ ਰਜਿਸਟ੍ਰੇਸ਼ਨ ਲਾਜ਼ਮੀ ਕਰਵਾਈ ਜਾਣੀ ਚਾਹੀਦੀ ਹੈ ਤਾਂ ਕਿ ਤੁਸੀਂ ਆਮਦਨ ਵਿਭਾਗ ਵੱਲੋਂ ਹੋਣ ਵਾਲੀ ਕਿਸੇ ਵੀ ਕਾਰਵਾਈ ਤੋਂ ਬਚ ਸਕੋ...

ਕੇਂਦਰ ਸਰਕਾਰ ਵੱਲੋਂ ਲਏ ਗਏ ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਹੁਣ ਵਪਾਰੀ ਵਰਗ ਇਹ ਯਤਨ ਕਰਨ 'ਚ ਲੱਗਾ ਹੈ ਕਿ ਕਿਸ ਤਰ੍ਹਾਂ ਰਜਿਸਟ੍ਰੇਸ਼ਨ ਕਰਵਾਈ ਜਾਵੇ ਜਾਂ ਉਹ ਆਮਦਨ ਵਿਭਾਗ ਵੱਲੋਂ ਹੋਣ ਵਾਲੀ ਕਿਸੇ ਵੀ ਕਾਰਵਾਈ ਤੋਂ ਕਿਵੇਂ ਬਚ ਸਕਣ ਤੇ ਰਜਿਸਟਰਡ ਬਿਜ਼ਨਸ ਦੇ ਲਾਭ ਲੈ ਸਕਣ।

ਆਮਦਨ ਅਤੇ ਵੈਟ ਐਕਟ ਦੁਆਰਾ ਜਾਰੀ ਕੀਤੇ ਗਏ ਨਿਯਮਾਂ ਦਾ ਪਾਲਣ ਕਰ ਕੇ ਤੁਸੀਂ ਕਿਵੇਂ ਆਪਣੀ ਰਾਹ ਆਸਾਨ ਬਣਾ ਸਕਦੇ ਹੋ? ਆਓ, ਜਾਣਦੇ ਹਾਂ ਕਿ ਕਿੰਨੀ ਆਸਾਨੀ ਨਾਲ ਤੁਸੀਂ ਆਪਣੇ ਬਿਜ਼ਨਸ ਨੂੰ ਰਜਿਸਟਰਡ ਕਰਵਾ ਸਕਦੇ ਹੋ ਅਤੇ ਉਸ ਦਾ ਤੁਹਾਨੂੰ ਕੀ ਫ਼ਾਇਦਾ ਹੋਵੇਗਾ।

1. ਇਕ ਰਜਿਸਟਰਡ ਵਪਾਰੀ ਦੇ ਰੂਪ 'ਚ ਕੰਮ ਕਰਨ ਦੇ ਲਾਭ

- ਈ-ਬਿਜ਼ਨਸ ਦੀ ਤਰ੍ਹਾਂ ਗਲੋਬਲ ਪੱਧਰ 'ਤੇ ਵਪਾਰ ਨੂੰ ਵਧਾਉਣ ਦੇ ਜ਼ਿਆਦਾ ਮੌਕੇ ਮਿਲਣਗੇ।
- ਉਧਾਰ ਲੈਣ ਦੇ ਜ਼ਿਆਦਾ ਸਾਧਨਾਂ ਦੀ ਉਪਲਬਧਤਾ ਹੈ, ਵਿਸ਼ੇਸ਼ ਤੌਰ 'ਤੇ ਐੱਮਐੱਸਐੱਮਈ ਰਜਿਸਟਰ ਲਈ (ਲਘੂ ਤੇ ਦਰਮਿਆਨੇ ਕਾਰੋਬਾਰ 'ਤੇ)
- ਬਰਾਮਦ ਵਧਾਉਣ ਦੇ ਮੌਕੇ ਵਧਦੇ ਹਨ ਪਰ ਇਸ ਦੇ ਲਈ ਆਯਾਤ-ਨਿਰਯਾਤ ਕੋਡ ਲੈਣ ਦੀ ਜ਼ਰੂਰਤ ਹੁੰਦੀ ਹੈ।
- ਆਪਣੇ ਵਪਾਰ ਨੂੰ ਪੇਟੈਂਟ ਜ਼ਰੂਰ ਕਰਵਾਓ।

2. ਬਿਜ਼ਨਸ ਨੂੰ ਕਿੱਥੇ ਰਜਿਸਟਰਡ ਕਰਵਾਇਆ ਜਾਵੇ?

- ਬਹੁਤ ਸਾਰੇ ਬਿਜ਼ਨਸਮੈਨ ਅਤੇ ਸਰਵਿਸ ਪ੍ਰੋਵਾਈਡਰ ਇਸ ਗੱਲ ਤੋਂ ਅਣਜਾਣ ਹੁੰਦੇ ਹਨ ਕਿ ਉਹ ਸਰਕਾਰ ਨੂੰ ਸਾਧਾਰਨ ਫ਼ੀਸਦੀ ਭੁਗਤਾਨ ਕਰ ਕੇ ਆਪਣੇ ਬਿਜ਼ਨਸ ਨੂੰ ਰਜ਼ਿਸਟਰਡ ਕਰਵਾ ਸਕਦੇ ਹਨ।
- ਤੁਸੀਂ ਚਾਹੇ ਟ੍ਰੇਡਰ ਹੋਵੋ ਜਾਂ ਹੋਲ-ਸੇਲਰ ਜਾਂ ਐਕਸਪੋਰਟਰ ਜਾਂ ਫਿਰ ਸਾਮਾਨ ਦੀ ਖ਼ਰੀਦ ਜਾਂ ਵਿੱਕਰੀ ਨਾਲ ਸਬੰਧਤ ਹੋ, ਤੁਹਾਨੂੰ ਆਪਣੇ ਸੂਬੇ ਦੇ ਵੈਟ ਐਕਟ ਤਹਿਤ ਆਪਣੇ ਬਿਜ਼ਨਸ ਨੂੰ ਰਜਿਸਟਰਡ ਕਰਵਾਉਣ ਦੀ ਜ਼ਰੂਰਤ ਹੁੰਦੀ ਹੈ।
- ਜੇ ਤੁਸੀਂ ਦਿੱਲੀ 'ਚ ਬਿਜ਼ਨਸ ਕਰ ਰਹੇ ਹੋ ਤਾਂ ਤੁਸੀਂ ਸਿਰਫ਼ 1025 ਰੁਪਏ ਦੇ ਭੁਗਤਾਨ ਨਾਲ ਆਪਣੇ ਬਿਜ਼ਨਸ ਨੂੰ ਰਜਿਸਟਰਡ ਕਰਵਾ ਸਕਦੇ ਹੋ।
- ਜੇ ਤੁਸੀਂ ਸਰਵਿਸ ਪ੍ਰੋਵਾਈਡਰ ਹੋ ਤਾਂ ਤੁਸੀਂ ਬਿਨਾ ਕਿਸੇ ਫੀਸ ਦੇ ਸੈਂਟਰਲ ਬੋਰਡ ਅਤੇ ਉਤਪਾਦ ਤੋਂ ਇਲਾਵਾ ਐਕਸਾਈਜ਼ ਡਿਪਾਰਟਮੈਂਟ ਦੀ ਸਾਈਟ www.aces.gov.in 'ਤੇ ਜਾ ਕੇ ਆਪਣਾ ਬਿਜ਼ਨਸ ਰਜਿਸਟਰਡ ਕਰਵਾ ਸਕਦੇ ਹੋ।
- ਜੇ ਤੁਸੀਂ ਇਕ ਨਿਰਮਾਤਾ ਹੋ, ਉਤਪਾਦ ਸ਼ੁਲਕ ਵਾਲੀਆਂ ਵਸਤੂਆਂ ਦਾ ਨਿਰਮਾਣ ਕਰਦੇ ਹੋ, ਤੁਹਾਡਾ ਲੈਣ-ਦੇਣ 90 ਲੱਖ ਰੁਪਏ ਤੋਂ ਜ਼ਿਆਦਾ ਹੈ ਤਾਂ ਤੁਸੀਂ ਕੇਂਦਰੀ ਉਤਪਾਦ ਤੇ ਸੀਮਾ ਸ਼ੁਲਕ ਬੋਰਡ ਕੋਲ ਆਪਣੀ ਰਜਿਸਟ੍ਰੇਸ਼ਨ ਕਰਵਾਉਣੀ ਹੁੰਦੀ ਹੈ।
- ਜੇ ਤੁਸੀਂ ਵਸਤੂਆਂ ਅਤੇ ਸੇਵਾਵਾਂ ਦੇ ਐਕਸਪੋਰਟਰ ਦੇ ਰੂਪ 'ਚ ਆਪਣਾ ਬਿਜ਼ਨਸ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਵਿਦੇਸ਼ ਮਹਾਨਿਰਦੇਸ਼ਕ ਤੋਂ ਆਯਾਤ-ਨਿਰਯਾਤ ਕੋਡ ਲੈਣ ਦੀ ਜ਼ਰੂਰਤ ਹੋਵੇਗੀ।

3. ਕੌਣ ਕਰਵਾ ਸਕਦਾ ਹੈ ਰਜਿਸਟ੍ਰੇਸ਼ਨ?

- ਕੇਂਦਰ ਸਰਕਾਰ ਅਤੇ ਕਿਸੇ ਵੀ ਸੂਬਾ ਸਰਕਾਰ ਤੋਂ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਲਈ ਵਿਅਕਤੀ ਨੂੰ ਨਾ ਤਾਂ ਕੰਪਨੀ ਦਾ ਗਠਨ ਕਰਨ ਦੀ ਜ਼ਰੂਰਤ ਹੁੰਦੀ ਹੈ ਅਤੇ ਨਾ ਹੀ ਫਰਮ ਬਣਾਉਣ ਦੀ। ਵਿਅਕਤੀ ਆਪਣੇ ਨਾਂ 'ਤੇ ਮਾਲਿਕਾਨਾ ਹੱਕ ਦੇ ਤੌਰ 'ਤੇ ਰਜਿਸਟ੍ਰੇਸ਼ਨ ਪ੍ਰਾਪਤ ਕਰ ਸਕਦਾ ਹੈ।
- ਰਜਿਸਟ੍ਰੇਸ਼ਨ ਕਰਵਾਉਣ ਵਾਲੇ ਵਿਅਕਤੀ ਨੂੰ ਇਕ ਫੋਟੋ, ਪੈਨ ਕਾਰਡ ਨੰਬਰ, ਆਧਾਰ, ਬੈਂਕ ਅਕਾਊਂਟ ਡਿਟੇਲ ਅਤੇ ਰਿਹਾਇਸ਼ੀ ਸਬੂਤ ਦੇਣਾ ਪੈਂਦਾ ਹੈ। •

ਫੈਂਗਸ਼ੂਈ



ਖ਼ਤਰਨਾਕ ਹੈ ਰਸੋਈ ਘਰ 'ਚ ਲੱਗਿਆ ਸ਼ੀਸ਼ਾ

- ਸ਼ੀਸ਼ਾ ਹਮੇਸ਼ਾ ਘਰ 'ਚ ਪੂਰਬੀ, ਦੱਖਣ-ਪੂਰਬੀ, ਉੱਤਰ ਤੇ ਪੱਛਮ ਦਿਸ਼ਾ ਦੀ ਦੀਵਾਰ 'ਤੇ ਲਗਾਉਣਾ ਵਧੀਆ ਮੰਨਿਆ ਜਾਂਦਾ ਹੈ।
- ਘਰ 'ਚ ਪ੍ਰਵੇਸ਼ ਕਰਦੇ ਹੋਏ ਇਕਦਮ ਸਾਹਮਣੇ ਸ਼ੀਸ਼ਾ ਨਹੀਂ ਲੱਗਾ ਹੋਣਾ ਚਾਹੀਦਾ, ਮੰਨਿਆ ਜਾਂਦਾ ਹੈ ਕਿ ਘਰ 'ਚ ਪ੍ਰਵੇਸ਼ ਕਰਨ ਵਾਲੀ ਸਾਕਾਰਾਤਮਿਕ ਊਰਜਾ ਸ਼ੀਸ਼ੇ ਨਾਲ ਟਕਰਾਅ ਕੇ ਬਾਹਰ ਚਲੀ ਜਾਂਦੀ ਹੈ।
- ਰਸੋਈ ਘਰ 'ਚ ਚੁੱਲ੍ਹੇ ਕੋਲ ਸ਼ੀਸ਼ੇ ਦਾ ਹੋਣਾ ਸਿਹਤ ਲਈ ਖ਼ਤਰਨਾਕ ਮੰਨਿਆ ਜਾਂਦਾ ਹੈ।
- ਦੁਕਾਨ 'ਚ ਇਕ ਸ਼ੀਸ਼ਾ ਇਸ ਤਰ੍ਹਾਂ ਲਗਾਓ ਕਿ ਉਸ 'ਚ ਕੈਸ਼ ਕਾਊਂਟਰ ਦਿਖਾਈ ਦਵੇ। ਫੈਂਗਸ਼ੂਈ 'ਚ ਅਜਿਹਾ ਕਰਨ ਨਾਲ ਘਰ 'ਚ ਸਾਕਾਰਤਮਿਕ ਊਰਜਾ ਆਉਂਦੀ ਹੈ। ਜੇ ਕੈਸ਼ ਕਾਊਂਟਰ ਦਾ ਪ੍ਰਤੀਬਿੰਬ ਇਕ ਤੋਂ ਜ਼ਿਆਦਾ ਸ਼ੀਸ਼ਿਆਂ 'ਚ ਦਿਖਾਈ ਦਵੇਗਾ ਤਾਂ ਧਨ ਹਾਨੀ ਹੋਵੇਗੀ।
- ਡਾਈਨਿੰਗ ਟੇਬਲ ਕੋਲ ਇਕ ਵੱਡਾ ਸ਼ੀਸ਼ਾ ਇਸ ਤਰ੍ਹਾਂ ਲਗਾਓ ਕਿ ਉਸ 'ਚ ਭੋਜਨ ਵਾਲਾ ਟੇਬਲ ਅਤੇ ਉਸ 'ਤੇ ਰੱਖਿਆ ਖਾਣਾ ਦਿਖਾਈ ਦਿੰਦਾ ਹੋਵੇ। ਅਜਿਹਾ ਕਰਨ ਨਾਲ ਭੋਜਨ ਕਦੇ ਘੱਟ ਨਹੀਂ ਹੋਵੇਗਾ।
- ਸੌਂਦੇ ਸਮੇਂ ਸਰੀਰ ਦਾ ਕੋਈ ਵੀ ਭਾਗ ਸ਼ੀਸ਼ੇ 'ਚ ਦਿਖਾਈ ਨਾ ਦੇਵੇ ਨਹੀਂ ਤਾਂ ਹੌਲੀ-ਹੌਲੀ ਉਸ ਹਿੱਸੇ 'ਚ ਦਰਦ ਜਾਂ ਬਿਮਾਰੀ ਪੈਦਾ ਹੋ ਜਾਂਦੀ ਹੈ। ਘਰ 'ਚ ਟੂੱਟਾ ਸ਼ੀਸ਼ਾ ਨਾ ਰੱਖੋ। •

ਜ਼ਰੂਰੀ ਜਾਣਕਾਰੀ

ਬੈਂਕ ਨੇ ਸ਼ੁਰੂ ਕੀਤੇ ਨਵੇਂ ਨਿਯਮ

ਸਟੇਟ ਬੈਂਕ ਆਫ ਇੰਡੀਆ ਨੇ ਸਹਿਯੋਗੀ ਬੈਂਕਾਂ ਦੇ ਫਿਊਜ਼ਨ ਤੋਂ ਬਾਅਦ ਫਿਰ ਤੋਂ ਖਾਤੇ 'ਚ ਘੱਟ ਤੋਂ ਘੱਟ ਰਾਸ਼ੀ ਨਾ ਹੋਣ 'ਤੇ ਜੁਰਮਾਨਾ ਵਸੂਲਣਾ ਸ਼ੁਰੂ ਕਰ ਦਿੱਤਾ ਹੈ। ਪੰਜ ਸਾਲ ਤੋਂ ਬਾਅਦ ਇਹ ਜੁਰਮਾਨਾ ਅਪ੍ਰੈਲ ਤੋਂ ਦੇਸ਼ 'ਚ ਲਾਗੂ ਹੋ ਗਿਆ। ਇਸ ਤੋਂ ਇਲਾਵਾ ਬੈਂਕ ਨੇ ਏਟੀਐਮ ਤਹਿਤ ਹੋਰ ਸੇਵਾਵਾਂ ਦੇ ਸ਼ੁਲਕ 'ਚ ਵੀ ਤਬਦੀਲੀਆਂ ਕੀ

ਡੀ.ਏ.ਵੀ. ਪਬਲਿਕ ਸਕੂਲ ਪਟਿਆਲਾ ਵਿਖੇ ਪ੍ਰੀ-ਪ੍ਰਾਇਮਰੀ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ

ਪਟਿਆਲਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡੀ.ਏ.ਵੀ. ਪਬਲਿਕ ਸਕੂਲ ਪਟਿਆਲਾ ਨੇ ਆਉਣ ਵਾਲੇ ਅਕਾਦਮਿਕ ਸੈਸ਼ਨ 2025-26 ਦੇ ਮਾਪਿਆਂ ਅਤੇ ਵਿਦਿਆਰਥੀਆਂ ਲਈ ਇੱਕ ਜੀਵੰਤ ਅਤੇ ਜਾਣਕਾਰੀ ਭਰਪੂਰ ਪ੍ਰੀ-ਪ੍ਰਾਇਮਰੀ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ। ਇਸ ਪ੍ਰੋਗਰਾਮ ਦਾ ਉਦੇਸ਼ ਮਾਪਿਆਂ ਨੂੰ ਸਕੂਲ ਦੇ ਦਰਸ਼ਨ, ਪਾਠਕ੍ਰਮ, ਅਧਿਆਪਨ ਵਿਧੀਆਂ ਅਤੇ ਸਮੁੱਚੇ ਸਿੱਖਣ ਦੇ ਵਾਤਾਵਰਣ ਤੋਂ ਜਾਣੂ ਕਰਵਾਉਣਾ ਸੀ।

ਓਰੀਐਂਟੇਸ਼ਨ ਪ੍ਰਿੰਸੀਪਲ ਵਿਵੇਕ ਤਿਵਾਰੀ ਅਤੇ ਮੈਡਮ ਅਨੂ ਤਿਵਾਰੀ ਦੇ ਨਿੱਘੇ ਸਵਾਗਤ ਨਾਲ ਸ਼ੁਰੂ ਹੋਇਆ, ਪ੍ਰਿੰਸੀਪਲ ਤਿਵਾਰੀ ਨੇ ਸ਼ੁਰੂਆਤੀ ਬਚਪਨ ਦੀ ਸਿੱਖਿਆ ਦੀ ਮਹੱਤਤਾ ਅਤੇ ਬੱਚੇ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਾਪਿਆਂ ਅਤੇ ਸਿੱਖਿਅਕਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਪ੍ਰੀ-ਪ੍ਰਾਇਮਰੀ ਅਧਿਆਪਕਾ ਸ਼੍ਰੀਮਤੀ ਮੋਨਿਕਾ ਕੌਸ਼ਲ ਦੁਆਰਾ ਇੱਕ ਵਿਸਤ੍ਰਿਤ ਪੇਸ਼ਕਾਰੀ ਦਿੱਤੀ ਗਈ ਜਿਸ ਵਿੱਚ ਰੋਜ਼ਾਨਾ ਸਮਾਂ-ਸਾਰਣੀ, ਲਿਖਣ ਦੇ ਹੁਨਰ, ਪੈਨਸਿਲ ਗ੍ਰੈਪ ਅਤੇ ਸਾਲ ਲਈ ਯੋਜਨਾਬੱਧ ਮੁੱਖ ਗਤੀਵਿਧੀਆਂ ਦੀ ਰੂਪਰੇਖਾ ਦਿੱਤੀ ਗਈ। ਪ੍ਰੀ-ਪ੍ਰਾਇਮਰੀ ਗਤੀਵਿਧੀ ਇੰਚਾਰਜ ਸ਼੍ਰੀਮਤੀ ਮਿਨਾਕਸ਼ੀ ਸ਼ਰਮਾ ਨੇ ਕਲਾ ਏਕੀਕਰਨ ਨਾਲ ਸਬੰਧਤ ਗਤੀਵਿਧੀਆਂ ਪੇਸ਼ ਕੀਤੀਆਂ।

ਇਸ ਪ੍ਰੋਗਰਾਮ ਵਿੱਚ ਸ਼੍ਰੀਮਤੀ ਰਿਤੂ, ਸ਼੍ਰੀਮਤੀ ਲਵਨੀਤਾ, ਸ਼੍ਰੀਮਤੀ ਨਿਧੀ ਦੁਆਰਾ ਵਿਦਿਆਰਥੀਆਂ ਲਈ ਅੰਗਰੇਜ਼ੀ ਤੁਕਾਂਤ, ਸ਼੍ਰੀਮਤੀ ਮਿਨਾਕਸ਼ੀ ਨਿਰੋਲਾ, ਸ਼੍ਰੀਮਤੀ ਨਿਧੀ ਅਤੇ ਸ਼੍ਰੀਮਤੀ ਟੀਨਾ ਦੁਆਰਾ ਹਿੰਦੀ ਤੁਕਾਂਤ ਵਰਗੇ ਇੰਟਰਐਕਟਿਵ ਸੈਸ਼ਨ ਸ਼ਾਮਲ ਸਨ। ਪ੍ਰੀ ਪ੍ਰਾਇਮਰੀ ਅਧਿਆਪਕਾ ਸ਼੍ਰੀਮਤੀ ਸਲੋਨੀ ਬੱਬਰ ਨੇ ਸੁੰਦਰ ਕਠਪੁਤਲੀਆਂ ਨਾਲ ਇੱਕ ਸ਼ਾਨਦਾਰ ਕਹਾਣੀ ਪੇਸ਼ ਕੀਤੀ। ਸ਼੍ਰੀਮਤੀ ਸ਼ਿਵਾਨੀ ਨੇ ਮਾਪਿਆਂ ਨੂੰ ਅਲਮੈਨੈਕ ਵਿੱਚ ਲਿਖੇ ਸਕੂਲ ਦੇ ਨਿਯਮਾਂ ਬਾਰੇ ਮਾਰਗਦਰਸ਼ਨ ਕੀਤਾ। ਇਸ ਤੋਂ ਇਲਾਵਾ ਸ਼੍ਰੀਮਤੀ ਦਮਨਜੀਤ ਕੌਰ ਨੇ ਜਾਦੂਈ ਪਿਟਾਰਾ ਅਤੇ ਸਿੱਖਿਆ ਸਮੱਗਰੀ ਪ੍ਰਦਰਸ਼ਿਤ ਕੀਤੀ। ਮਾਪਿਆਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਸਕੂਲ ਦੇ ਸੰਪੂਰਨ ਵਿਕਾਸ ਦੇ ਦ੍ਰਿਸ਼ਟੀਕੋਣ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ।

ਓਰੀਐਂਟੇਸ਼ਨ ਨੇ ਆਉਣ ਵਾਲੇ ਸਾਲ ਲਈ ਇੱਕ ਸਕਾਰਾਤਮਕ ਸੁਰ ਸਥਾਪਤ ਕੀਤੀ, ਸਕੂਲ ਅਤੇ ਮਾਪੇ ਭਾਈਚਾਰੇ ਵਿਚਕਾਰ ਭਾਈਵਾਲੀ ਨੂੰ ਮਜ਼ਬੂਤ ਕੀਤਾ।

ਪ੍ਰੀ ਪ੍ਰਾਇਮਰੀ ਕੋਆਰਡੀਨੇਟਰ ਸ਼੍ਰੀਮਤੀ ਇੰਦਰਬੀਰ ਮਰੀਆ ਦੁਆਰਾ ਧੰਨਵਾਦ ਦੇ ਮਤੇ ਨਾਲ ਪ੍ਰੋਗਰਾਮ ਸਮਾਪਤ ਹੋਇਆ।

ਪਟਿਆਲਾ ਫੋਕਲ ਪੁਆਇੰਟ 'ਚ 3.5 ਏਕੜ ਦਾ ਮੀਆਵਾਕੀ ਜੰਗਲ ਲੱਗੇਗਾ

➢ ਈਕੋਸਿੱਖ ਪਲਾਂਟੇਸ਼ਨ ਟੀਮ ਵੱਲੋਂ 3 ਮਹੀਨਿਆਂ ਦੇ ਅੰਦਰ ਬੂਟੇ ਲਗਾਉਣ ਨਾਲ ਮੁਕੰਮਲ ਹੋਵੇਗਾ ਜੰਗਲ ➢ ਜੰਗਲ 'ਚ 45 ਕਿਸਮਾਂ ਦੇ 35,000 ਦੇਸੀ, ਫਲਦਾਰ ਤੇ ਛਾਂਦਾਰ ਬੂਟੇ ਲੱਗਣਗੇ

ਪਟਿਆਲਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਾਤਾਵਰਨ ਸ਼ੁੱਧਤਾ ਲਈ ਇੱਕ ਨਿਵੇਕਲੀ ਪਹਿਲਕਦਮੀ ਕਰਦਿਆਂ ਨਗਰ ਨਿਗਮ ਪਟਿਆਲਾ ਨੇ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਦੇ ਸਹਿਯੋਗ ਨਾਲ ਪਟਿਆਲਾ ਫੋਕਲ ਪੁਆਇੰਟ ਵਿਖੇ 3.5 ਏਕੜ ਦਾ ਮੀਆਵਾਕੀ ਜੰਗਲ ਲਗਾਉਣ ਦੀ ਸ਼ੁਰੂਆਤ ਕੀਤੀ ਹੈ। ਇਸ ਪ੍ਰੋਜੈਕਟ ਦੀ ਰਸਮੀ ਸ਼ੁਰੂਆਤ ਅੱਜ ਮਟੀਰੀਅਲ ਰਿਕਵਰੀ ਫੈਸਿਲਿਟੀ ਸੈਂਟਰ ਨੇੜੇ ਕੀਤੀ ਗਈ।

ਇਸ ਪਹਿਲਕਦਮੀ ਬਾਰੇ ਵੇਰਵੇ ਸਾਂਝੇ ਕਰਦੇ ਹੋਏ, ਨਗਰ ਨਿਗਮ ਦੇ ਕਮਿਸ਼ਨਰ, ਪਰਮਵੀਰ ਸਿੰਘ ਨੇ ਕਿਹਾ ਕਿ ਇਸ ਖੇਤਰ ਵਿੱਚ ਦੋ ਮੀਆਵਾਕੀ ਜੰਗਲ ਵਿਕਸਤ ਕੀਤੇ ਜਾਣਗੇ, ਜਿਨ੍ਹਾਂ ਨੂੰ ਈਕੋਸਿੱਖ ਦੀ ਪਲਾਂਟੇਸ਼ਨ ਟੀਮ ਵੱਲੋਂ ਤਿੰਨ ਮਹੀਨਿਆਂ ਦੇ ਅੰਦਰ ਪੂਰਾ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਵੀਐਸਐਸਐਲ ਵੱਲੋਂ ਆਪਣੀ ਸੀਐਸਆਰ ਪਹਿਲਕਦਮੀ ਪ੍ਰੋਜੈਕਟ ਪ੍ਰਕ੍ਰਿਤੀ ਦੇ ਤਹਿਤ ਲਗਾਇਆ ਜਾ ਰਿਹਾ ਹੈ।

ਜਿਕਰਯੋਗ ਹੈ ਕਿ ਇਸ ਜੰਗਲ ਵਿੱਚ ਲਗਭਗ 35,000 ਬੂਟੇ ਸ਼ਾਮਲ ਹੋਣਗੇ, ਜਿਨ੍ਹਾਂ ਵਿੱਚੋਂ ਪ੍ਰਤੀ ਏਕੜ 10,000 ਪੌਦੇ ਦੀ ਘਣਤਾ ਤੇ - 45 ਕਿਸਮਾਂ ਦੇ ਦੇਸੀ ਅਤੇ ਫਲ ਤੇ ਛਾਂਦਾਰ ਬੂਟੇ ਸ਼ਾਮਲ ਹਨ।

ਇਸ ਜੰਗਲ ਵਿੱਚ ਬੂਟੇ ਲਗਾਉਣ ਦੀ ਰਸਮੀ ਸ਼ੁਰੂਆਤ ਅੱਜ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਗੁਰਪ੍ਰੀਤ ਵਾਲੀਆ ਨੇ ਆਪਣੀ ਟੀਮ ਅਤੇ ਵਰਧਮਾਨ ਸਪੈਸ਼ਲ ਸਟੀਲਜ਼ ਦੇ ਨੁਮਾਇੰਦਿਆਂ ਨਾਲ ਕੀਤੀ।

ਵਰਧਮਾਨ ਸਪੈਸ਼ਲ ਸਟੀਲਜ਼ ਦੇ ਸੀਨੀਅਰ ਸੀਐਸਆਰ ਮੈਨੇਜਰ ਅਮਿਤ ਧਵਨ ਨੇ ਦੱਸਿਆ ਕਿ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਅਜਿਹੇ ਜੰਗਲ ਲਗਾਉਣ ਤੋਂ ਬਾਅਦ, ਵਰਧਮਾਨ ਸਪੈਸ਼ਲ ਸਟੀਲਜ਼ ਵਲੋਂ ਪਟਿਆਲਾ ਵਿੱਚ ਵਿਕਸਤ ਕੀਤਾ ਜਾ ਰਿਹਾ ਇਹ ਅੱਠਵਾਂ ਮੀਆਵਾਕੀ ਜੰਗਲ ਹੈ।

ਉਨ੍ਹਾਂ ਅੱਗੇ ਕਿਹਾ ਕਿ ਵੀ.ਐਸ.ਐਸ.ਐਲ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਅਤੇ ਵਾਈਸ ਚੇਅਰਮੈਨ, ਸਚਿਤ ਜੈਨ ਦੀ ਅਗਵਾਈ ਹੇਠ ਪੰਜਾਬ ਵਿੱਚ ਕੁੱਲ 1,000 ਏਕੜ ਵਿੱਚ ਜੰਗਲ ਵਿਕਸਤ ਕਰਨ ਲਈ ਵਚਨਬੱਧ ਹੈ।

ਸਮਝੌਤੇ ਵਜੋਂ, ਵਰਧਮਾਨ ਸਪੈਸ਼ਲ ਸਟੀਲਜ਼ ਵਲੋਂ ਪਟਿਆਲਾ ਨਗਰ ਨਿਗਮ ਨੂੰ ਸੌਂਪਣ ਤੋਂ ਪਹਿਲਾਂ ਤਿੰਨ ਸਾਲਾਂ ਦੀ ਮਿਆਦ ਲਈ ਜੰਗਲ ਦੀ ਦੇਖਭਾਲ ਕੀਤੀ ਜਾਵੇਗੀ।

ਵਿਧਾਇਕ ਰਾਜਪੁਰਾ ਨੀਨਾ ਮਿੱਤਲ ਨੇ ਉਕਸੀ ਸੈਣੀਆਂ ਅਤੇ ਅਲੂਣਾ ਵਿਖੇ ਸਿੱਖਿਆ ਕ੍ਰਾਂਤੀ ਉਦਘਾਟਨ ਸਮਾਰੋਹਾਂ 'ਚ ਕੀਤੀ ਸ਼ਿਰਕਤ

ਰਾਜਪੁਰਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਰਾਜਪੁਰਾ ਹਲਕੇ ਦੇ ਵਿਧਾਇਕ ਨੀਨਾ ਮਿੱਤਲ ਨੇ ਅੱਜ ਉਕਸੀ ਸੈਣੀਆਂ ਅਤੇ ਅਲੂਣਾ ਵਿਖੇ ਸਿੱਖਿਆ ਕ੍ਰਾਂਤੀ ਦੇ ਉਦਘਾਟਨ ਸਮਾਰੋਹਾਂ ਵਿੱਚ ਸ਼ਿਰਕਤ ਕਰਕੇ ਸਥਾਨਕ ਲੋਕਾਂ ਅਤੇ ਵਿਦਿਆਰਥੀਆਂ ਨੂੰ ਸਿੱਖਿਆ ਖੇਤਰ ਵਿੱਚ ਹੋ ਰਹੀ ਤਰੱਕੀ ਬਾਰੇ ਜਾਣੂੰ ਕਰਵਾਇਆ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਕਸੀ ਸੈਣੀਆਂ ਵਿਖੇ ਪ੍ਰਿੰਸੀਪਲ ਡਾ. ਰਾਕੇਸ਼ ਕੁਮਾਰ ਬੱਬਰ, ਸਰਕਾਰੀ ਪ੍ਰਾਇਮਰੀ ਸਕੂਲ ਉਕਸੀ ਵਿਖੇ ਸੈਂਟਰ ਹੈੱਡ ਟੀਚਰ ਰੇਖਾ ਵਰਮਾ ਅਤੇ ਅਲੂਣਾ ਵਿਖੇ ਸੰਦੀਪਕਾ ਦੀ ਅਗਵਾਈ ਹੇਠ ਪ੍ਰੋਗਰਾਮ ਸਫਲਤਾਪੂਰਵਕ ਕਰਵਾਏ ਗਏ। ਇਨ੍ਹਾਂ ਸਮਾਗਮਾਂ ਦੌਰਾਨ ਨਵੀਂ ਬਣੀ ਚਾਰਦੀਵਾਰੀ ਅਤੇ ਹੋਰ ਵਿਕਾਸ ਕਾਰਜਾਂ ਦੀ ਸੰਪੂਰਨਤਾ ਹੋਣ 'ਤੇ ਖੁਸ਼ੀ ਪ੍ਰਗਟਾਈ ਗਈ। ਬੱਚਿਆਂ ਵੱਲੋਂ ਰੰਗਾਰੰਗ ਸਭਿਆਚਾਰਕ ਪੇਸ਼ਕਾਰੀਆਂ ਅਤੇ ਵਿੱਦਿਅਕ ਪ੍ਰਦਰਸ਼ਨੀਆਂ ਦੁਆਰਾ ਮਹਿਮਾਨਾਂ ਨੂੰ ਪ੍ਰਭਾਵਿਤ ਕੀਤਾ ਗਿਆ। ਉਕਸੀ ਸੈਣੀਆਂ ਵਿਖੇ ਵਿਦਿਆਰਥੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਨੀਨਾ ਮਿੱਤਲ ਦਾ ਪੈਨਸਿਲ ਸਕੈੱਚ ਤਿਆਰ ਕਰਕੇ ਭੇਂਟ ਕੀਤਾ। ਨੀਨਾ ਮਿੱਤਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਹਾਲ ਹੀ ਵਿੱਚ ਆਏ ਬਜਟ ਵਿੱਚ ਸਿੱਖਿਆ ਖੇਤਰ ਨੂੰ ਵਧੇਰੇ ਰਾਸ਼ੀ ਨਿਰਧਾਰਤ ਕੀਤੀ ਗਈ ਹੈ, ਜਿਸ ਕਾਰਨ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਨਿਰੰਤਰ ਉੱਚਾ ਹੋ ਰਿਹਾ ਹੈ। ਉਨ੍ਹਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਭੂਮਿਕਾ ਦੀ ਵੀ ਪ੍ਰਸੰਸਾ ਕੀਤੀ। ਵੱਖ-ਵੱਖ ਸਕੂਲਾਂ ਵਿੱਚ ਹੋਏ ਸਮਾਰੋਹਾਂ ਦੌਰਾਨ ਵਿਜੇ ਮੈਨਰੋ ਹਲਕਾ ਸਿੱਖਿਆ ਕੋਆਰਡੀਨੇਟਰ ਕਮ ਮਾਸਟਰ ਟਰੇਨਰ ਮਾਲਵਾ ਜ਼ੋਨ, ਰਿਤੇਸ਼ ਬਾਂਸਲ ਐਮ.ਐਲ.ਏ ਕੋਆਰਡੀਨੇਟਰ, ਪ੍ਰਿੰਸੀਪਲ ਜੱਗਾ ਸਿੰਘ ਕਪੂਰੀ ਜ਼ਿਲ੍ਹਾ ਨੋਡਲ ਅਫ਼ਸਰ, ਸਰਪੰਚ ਜੋਗਾ ਸਿੰਘ ਉਕਸੀ ਸੈਣੀਆਂ, ਬਲਾਕ ਨੋਡਲ ਅਫ਼ਸਰ ਹਰਪ੍ਰੀਤ ਸਿੰਘ, ਬਲਾਕ ਨੋਡਲ ਅਫ਼ਸਰ ਰਾਜਪੁਰਾ-1 ਰਚਨਾ ਰਾਣੀ, ਅਮਰਿੰਦਰ ਸਿੰਘ ਮੀਰੀ ਪੀਏ, ਜਗਦੀਪ ਸਿੰਘ ਅਲੂਣਾ, ਗੁਰਤੇਜ ਸਿੰਘ, ਬਿੰਦਰ ਸਿੰਘ, ਰਾਜੇਸ਼ ਬਾਵਾ ਯੂਥ ਪ੍ਰਧਾਨ, ਪ੍ਰਿੰਸੀਪਲ ਗੁਰਦੀਪ ਕੌਰ ਭੇਡਵਾਲ, ਬਲਵਿੰਦਰ ਕੁਮਾਰ ਬੀਪੀਈਓ, ਮਨਜੀਤ ਕੌਰ ਬੀਪੀਈਓ, ਰਾਜਿੰਦਰ ਸਿੰਘ ਚਾਨੀ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਮੇਜਰ ਸਿੰਘ ਬਲਾਕ ਮੀਡੀਆ ਕੋਆਰਡੀਨੇਟਰ, ਇੰਦਰਪ੍ਰੀਤ ਸਿੰਘ, ਨੀਰਜ ਗੁਪਤਾ, ਵੀਰਪਾਲ, ਨੀਲਮ ਪ੍ਰਭਾ, ਅਧਿਆਪਕ, ਵਿਦਿਆਰਥੀ ਅਤੇ ਮਾਪੇ ਵੱਡੀ ਗਿਣਤੀ ਵਿੱਚ ਮੌਜੂਦ ਰਹੇ।

ਨਸ਼ਿਆਂ ਵਿਰੁੱਧ ਨਾਟਕ 'ਨਵੀਂ ਜ਼ਿੰਦਗੀ' ਦਾ ਮੰਚਨ

ਬਰਨਾਲਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਚਲਾਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਬਰਨਾਲਾ ਵਿੱਚ ਨਾਟਕਾਂ ਰਾਹੀਂ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਤਹਿਤ ਸੰਸਦ ਮੈਂਬਰ ਸ. ਗੁਰਮੀਤ ਸਿੰਘ ਮੀਤ ਹੇਅਰ ਦੇ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਟੀ ਬੈਨਿਥ ਦੀ ਰਹਿਨੁਮਾਈ ਅਤੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ. ਸਤਵੰਤ ਸਿੰਘ ਦੀ ਅਗਵਾਈ ਹੇਠ ਮੁਹਿੰਮ ਜਾਰੀ ਹੈ।

ਇਸ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਅਤੇ ਗ੍ਰਾਮ ਪੰਚਾਇਤ ਝਲੂਰ ਵਲੋਂ ਲੋਕ ਭਲਾਈ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਪਿੰਡ ਝਲੂਰ ਵਿੱਚ ÷ਨਵੀਂ ਜ਼ਿੰਦਗੀ÷ ਨਾਟਕ ਕਰਾਇਆ ਗਿਆ। ਇਸ ਨਾਟਕ ਰਾਹੀਂ ਨਸ਼ਿਆਂ ਦੀ ਗ੍ਰਿਫ਼ਤ ਵਿਚ ਆਏ ਨੌਜਵਾਨ ਦੀ ਜਿੰਦਗੀ ਤੇ ਸੱਚੀ ਕਹਾਣੀ ਨਾਲ ਸਬੰਧਤ ਜੁੜੀ ਘਟਨਾ ਪੇਸ਼ ਕੀਤੀ ਗਈ।

ਸੂਬਾ ਸਰਕਾਰ ਬੱਚਿਆਂ ਦੇ ਸੁਨਹਿਰੀ ਭਵਿੱਖ ਨੂੰ ਸਿਰਜਨ ਲਈ ਪੂਰੀ ਤਰ੍ਹਾਂ ਯਤਨਸ਼ੀਲ : ਵਿਧਾਇਕ ਜਗਸੀਰ ਸਿੰਘ

ਬਠਿੰਡਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਬੱਚਿਆਂ ਦੇ ਸੁਨਹਿਰੀ ਭਵਿੱਖ ਨੂੰ ਸਿਰਜਨ ਲਈ ਹਮੇਸ਼ਾ ਯਤਨਸ਼ੀਲ ਤੇ ਤਤਪਰ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਜ਼ਿਲ੍ਹੇ ਦੇ ਗੋਨਿਆਣਾ ਮੰਡੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿੱਚ ਕਰਵਾਏ ਗਏ ÷ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ÷ ਸਮਾਗਮ 'ਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ।

ਇਸ ਮੌਕੇ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦੁਆਰਾ ਸਖਤ ਮਿਹਨਤ ਕਰਕੇ ਹੀ ਬੁਲੰਦੀਆਂ ਨੂੰ ਛੂਹਿਆ ਜਾ ਸਕਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਸਖਤ ਮਿਹਨਤ ਕਰਕੇ ਬੁਲੰਦੀਆਂ ਨੂੰ ਛੂੰਹਣ ਅਤੇ ਆਪਣੇ ਅਧਿਆਪਕਾਂ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ। ਮਾਸਟਰ ਜਗਸੀਰ ਸਿੰਘ ਨੇ ਕਿਹਾ ਕਿ ਬੇਸ਼ਕ ਸਕੂਲਾਂ ਵਿੱਚ ਭਾਂਵੇ ਪਹਿਲਾਂ ਵੀ ਕਾਫੀ ਕਮਰੇ ਬਣੇ ਹੋਏ ਹਨ ਪਰ ਸਮੇਂ ਅਨੁਸਾਰ ਨਵੇਂ ਪ੍ਰੋਜੇਕਟਾਂ ਲਈ ਜਾ ਕਿਸੇ ਹੋਰ ਜ਼ਰੂਰਤ ਲਈ ਨਵੇਂ ਕਮਰੇ ਬਣਾਉਣ ਦੀ ਲੋੜ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਸਕੂਲਾਂ ਦੀਆਂ ਲੋੜਾਂ ਨੂੰ ਪੂਰਾ ਕਰ ਰਹੀ ਹੈ, ਤਾਂ ਜੋਂ ਵਿਦਿਅਰਥੀਆਂ ਦੀ ਪੜਾਈ ਵਿੱਚ ਕਿਸੇ ਕਿਸਮ ਦੀ ਰੁਕਾਵਟ ਨਾ ਆ ਸਕੇ , ਓਹਨਾ ਅੱਗੇ ਕਿਹਾ ਕਿ ਸਰਕਾਰ ਦਾ ਮਕਸਦ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਮੇ ਦੇ ਹਾਣੀ ਬਣਾਉਣਾ ਹੈ ਤਾਂ ਜੋ ਓਹ ਚੰਗੀਆਂ ਪੁਜੀਸ਼ਨਾਂ ਹਾਸਿਲ ਕਰਕੇ ਸੂਬੇ ਸਮੇਤ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਨ ਇਸੇ ਲੜੀ ਤਹਿਤ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਗੋਨੇਆਣਾ ਮੰਡੀ ਵਿਖੇ ਨਵੇਂ ਬਣੇ ਕਮਰੇ ਜੋਂ ਕੇ ਐਨ. ਐਸ. ਕਿਊ. ਐਫ. ਲਈ ਵਰਤੋਂ ਵਿੱਚ ਲਏ ਜਾਣਗੇ ਤੇ ਨਾਲ ਹੀ 7 ਦੇ ਕਰੀਬ ਕਮਰਿਆਂ ਦੀ ਮੁਰੰਮਤ ਕਰਵਾਕੇ ਵਿਦਿਅਰਥੀਆਂ ਨੂੰ ਕੀਤਾ ਸਪੁਰਦ, ਸੰਬੋਧਨ ਕਰਦਿਆਂ ਮਾਸਟਰ ਜਗਸੀਰ ਸਿੰਘ ਕਿਹਾ ਕਿ ਸਰਕਾਰ ਦਾ ਸੁਪਨਾ ਹੈ ਕਿ ਪੰਜਾਬ ਦਾ ਹਰ ਨੌਜਵਾਨ ਪੜ੍ਹ-ਲਿਖ ਕੇ ਆਪਣੇ ਸੁਪਨਿਆਂ ਦੀ ਪੂਰਤੀ ਕਰੇ। ਇਸ ਦੌਰਾਨ ਖੇਡਾਂ ਵਿੱਚ ਸਟੇਟ ਲੈਵਲ ਦੀਆਂ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਹਲਕਾ ਵਿਧਾਇਕ ਵਲੋਂ ਸਨਮਾਨਤ ਕੀਤਾ ਗਿਆ ਇਸ ਦੋਰਾਨ ਓਹਨਾ ਦੇ ਨਾਲ ਕਸ਼ਮੀਰੀ ਲਾਲ ਗਰਗ ਪ੍ਰਧਾਨ ਨਗਰ ਕੌਂਸਲ ਗੋਨੇਆਣਾ ਮੰਡੀ ਵੀ ਮੌਜੂਦ ਰਹੇ।

ਇਸ ਮੌਕੇ ਸਕੂਲ ਇੰਚਾਰਜ਼ ਕਰਮਜੀਤ ਸਿੰਘ, ਡੀ ਡੀ ਓ ਕਰਮਜੀਤ ਸਿੰਘ, ਨਰਿੰਦਰ ਕੁਮਾਰ, ਲਖਵਿੰਦਰ ਸਿੰਘ ਸਰਾਂ, ਸਰਬਜੀਤ ਸ਼ਰਮਾਂ, ਦੀਪਕ ਨਾਗਪਾਲ, ਜਸਵਿੰਦਰ ਸਿੰਘ, ਰਣਧੀਰ ਸਿੰਘ ਅਤੇ ਸਕੂਲ ਦਾ ਸਮੁੱਚਾ ਸਟਾਫ, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਤੋਂ ਇਲਾਵਾ ਮੰਡੀ ਵਾਸੀ ਆਦਿ ਹਾਜ਼ਰ ਸਨ।

ਸਿਹਤ ਖੇਤਰਾਂ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੌਜੂਦਾ ਸਰਕਾਰ ਨੇ ਕ੍ਰਾਂਤੀ ਲਿਆਂਦੀ:

ਵਕਫ਼ ਐਕਟ ਕੇਸ 'ਚ ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਹਫ਼ਤੇ ਅੰਦਰ ਜਵਾਬ ਦਾਖ਼ਲ ਕਰਨ ਦੀ ਹਦਾਇਤ

ਨਵੀਂ ਦਿੱਲੀ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਵਕਫ਼ (ਸੋਧ) ਐਕਟ, 2025 ਖਿਲਾਫ਼ ਦਾਇਰ ਪਟੀਸ਼ਨਾਂ 'ਤੇ ਇੱਕ ਹਫ਼ਤੇ ਅੰਦਰ ਆਪਣਾ ਪੱਖ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਹੈ। ਸਿਖਰਲੀ ਕੋਰਟ ਨੇ ਇਹ ਹਦਾਇਤ ਅਜਿਹੇ ਮੌਕੇ ਕੀਤੀ ਹੈ ਜਦੋਂ ਅਜੇ ਇਕ ਦਿਨ ਪਹਿਲਾਂ ਕੇਂਦਰ ਸਰਕਾਰ ਨੇ ਭਰੋਸਾ ਦਿੱਤਾ ਸੀ ਕਿ 'ਵਰਤੋਂਕਾਰ ਵੱਲੋਂ ਵਕਫ਼' ਸਮੇਤ ਵਕਫ਼ ਐਲਾਨੀਆਂ ਗਈਆਂ ਜਾਇਦਾਦਾਂ ਨੂੰ ਅਗਲੀ ਸੁਣਵਾਈ ਤੱਕ ਡੀਨੋਟੀਫਾਈ ਨਹੀਂ ਕੀਤਾ ਜਾਵੇਗਾ।

ਚੀਫ਼ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਸੰਜੇ ਕੁਮਾਰ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਦੇ ਇਸ ਭਰੋਸੇ ਨੂੰ ਰਿਕਾਰਡ 'ਤੇ ਲਿਆ ਕਿ ਇਸ ਦੌਰਾਨ ਕੇਂਦਰੀ ਵਕਫ਼ ਕੌਂਸਲ ਅਤੇ ਬੋਰਡਾਂ ਵਿੱਚ ਕੋਈ ਨਿਯੁਕਤੀਆਂ ਨਹੀਂ ਕੀਤੀਆਂ ਜਾਣਗੀਆਂ। ਮਹਿਤਾ ਨੇ ਕਿਹਾ ਕਿ ਸਰਕਾਰ ਅਗਲੀ ਸੁਣਵਾਈ ਤੱਕ 'ਵਕਫ਼ ਬਾਇ ਡੀਡ' ਅਤੇ 'ਵਕਫ਼ ਬਾਇ ਯੂਜ਼ਰ' ਜਾਇਦਾਦਾਂ ਨੂੰ ਡੀਨੋਟੀਫਾਈ ਨਹੀਂ ਕਰੇਗੀ।

ਸੀਜੇਆਈ ਨੇ ਕਿਹਾ ਕਿ ਜੇ ਕਿਸੇ ਵੀ ਵਕਫ਼ ਜਾਇਦਾਦ ਦੀ ਰਜਿਸਟਰੇਸ਼ਨ 1995 ਦੇ ਪੁਰਾਣੇ ਐਕਟ ਤਹਿਤ ਹੋਈ ਸੀ, ਤਾਂ ਉਨ੍ਹਾਂ ਜਾਇਦਾਦਾਂ ਨੂੰ 5 ਮਈ ਨੂੰ ਅਗਲੀ ਸੁਣਵਾਈ ਤੱਕ ਡੀਨੋਟੀਫਾਈ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਇਹ ਹੁਕਮ ਮਹਿਤਾ ਵੱਲੋਂ ਨਵੇਂ ਸੋਧੇ ਹੋਏ ਵਕਫ਼ ਕਾਨੂੰਨ ਵਿਰੁੱਧ ਪਟੀਸ਼ਨਾਂ 'ਤੇ ਮੁੱਢਲਾ ਜਵਾਬ ਦਾਇਰ ਕਰਨ ਲਈ ਇੱਕ ਹਫ਼ਤੇ ਦਾ ਸਮਾਂ ਮੰਗਣ ਤੋਂ ਬਾਅਦ ਦਿੱਤਾ।

ਦੂਜੇ ਪਾਸੇ, ਬੈਂਚ ਨੇ ਕਿਹਾ ਕਿ ਇਸ ਮੁੱਦੇ 'ਤੇ ਕਈ ਪਟੀਸ਼ਨਾਂ ਨਾਲ ਨਜਿੱਠਣਾ ਅਸੰਭਵ ਹੈ। ਬੈਂਚ ਨੇ ਸਪੱਸ਼ਟ ਕੀਤਾ ਕਿ ਇਹ ਉਨ੍ਹਾਂ ਵਿੱਚੋਂ ਸਿਰਫ਼ ਪੰਜ ਪਟੀਸ਼ਨਾਂ 'ਤੇ ਸੁਣਵਾਈ ਕਰੇਗੀ ਤੇ ਵਕੀਲ ਆਪਸ ਵਿੱਚ ਫੈਸਲਾ ਕਰ ਲੈਣ ਕਿ ਕੌਣ ਬਹਿਸ ਕਰੇਗਾ। ਬੈਂਚ ਨੇ ਕਿਹਾ ਕਿ ਪਟੀਸ਼ਨਰ ਸਰਕਾਰ ਵੱਲੋਂ ਆਪਣਾ ਪੱਖ ਰੱਖਣ ਦੇ ਪੰਜ ਦਿਨਾਂ ਅੰਦਰ ਆਪਣੇ ਜਵਾਬ ਦਾਅਵਾ ਦਾਇਰ ਕਰ ਸਕਦੇ ਹਨ।

ਮਾਰਚ 2026 ਤੱਕ ਦੇਸ਼ ਨੂੰ ਨਕਸਲਵਾਦ ਤੋਂ ਮੁਕਤ ਕਰਾਂਗੇ: ਸ਼ਾਹ

ਕੇਂਦਰੀ ਗ੍ਰਹਿ ਮੰਤਰੀ ਨੇ ਸੀਆਰਪੀਐੱਫ ਨੂੰ 'ਰੀੜ੍ਹ ਦੀ ਹੱਡੀ' ਦੱਸਿਆ

ਨੀਮਚ (ਮੱਧ ਪ੍ਰਦੇਸ਼), 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਭਾਰਤ ਦੇ ਚਾਰ ਜ਼ਿਲ੍ਹਿਆਂ ਤੱਕ ਸੀਮਤ ਨਕਸਲਵਾਦ ਨੂੰ ਅਗਲੇ ਸਾਲ 31 ਮਾਰਚ ਤੱਕ ਖ਼ਤਮ ਕਰ ਦਿੱਤਾ ਜਾਵੇਗਾ। ਸ਼ਾਹ ਨੇ ਕਿਹਾ ਕਿ ਸੀਆਰਪੀਐੱਫ ਇਸ ਮਿਸ਼ਨ ਦੀ 'ਰੀੜ੍ਹ ਦੀ ਹੱਡੀ' ਹੈ। ਸ਼ਾਹ ਇਥੇ ਕੇਂਦਰੀ ਰਿਜ਼ਰਵ ਪੁਲੀਸ ਬਲ ਦੇ 86ਵੇਂ ਸਥਾਪਨ ਦਿਵਸ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਸ਼ਾਹ ਨੇ ਕਿਹਾ, "ਨਕਸਲਵਾਦ ਭਾਰਤ ਦੇ ਸਿਰਫ਼ ਚਾਰ ਜ਼ਿਲ੍ਹਿਆਂ ਤੱਕ ਸੀਮਤ ਹੋ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਆਨ ਅਨੁਸਾਰ, ਇਹ ਖ਼ਤਰਾ 31 ਮਾਰਚ, 2026 ਤੱਕ ਦੇਸ਼ ਵਿੱਚੋਂ ਖਤਮ ਹੋ ਜਾਵੇਗਾ। ਸੀਏਪੀਐੱਫ (ਕੇਂਦਰੀ ਹਥਿਆਰਬੰਦ ਪੁਲੀਸ ਬਲ) ਅਤੇ ਸੀਆਰਪੀਐੱਫ, ਖਾਸ ਕਰਕੇ ਇਸ ਦੀ ਕੋਬਰਾ ਬਟਾਲੀਅਨ, ਦੇਸ਼ ਵਿੱਚੋਂ ਨਕਸਲਵਾਦ ਨੂੰ ਖਤਮ ਕਰਨ ਵਿੱਚ ਵੱਡੀ ਭੂਮਿਕਾ ਨਿਭਾ ਰਹੀ ਹੈ।"

ਕਮਾਂਡੋ ਬਟਾਲੀਅਨ ਫਾਰ ਰੈਜ਼ੋਲਿਊਟ ਐਕਸ਼ਨ (ਕੋਬਰਾ) ਸੀਆਰਪੀਐੱਫ ਦੀ ਇੱਕ ਵਿਸ਼ੇਸ਼ ਇਕਾਈ ਹੈ, ਜੋ ਗੁਰੀਲਾ ਅਤੇ ਜੰਗਲ ਯੁੱਧ ਤੇ ਖਾਸ ਕਰਕੇ ਨਕਸਲੀ ਖ਼ਤਰੇ ਦਾ ਮੁਕਾਬਲਾ ਕਰਨ ਵਿੱਚ ਆਪਣੀ ਮੁਹਾਰਤ ਲਈ ਜਾਣੀ ਜਾਂਦੀ ਹੈ।

ਸ਼ਾਹ ਨੇ ਕਿਹਾ, "ਸੀਆਰਪੀਐੱਫ ਨੇ ਨਕਸਲ ਪ੍ਰਭਾਵਿਤ ਇਲਾਕਿਆਂ ਵਿੱਚ 400 ਤੋਂ ਵੱਧ ਫਾਰਵਰਡ ਓਪਰੇਟਿੰਗ ਬੇਸ ਸਥਾਪਤ ਕੀਤੇ ਹਨ। ਇਸ ਕਾਰਨ, ਇਨ੍ਹਾਂ ਖੇਤਰਾਂ ਵਿੱਚ ਹਿੰਸਾ 70 ਪ੍ਰਤੀਸ਼ਤ ਤੋਂ ਵੱਧ ਘੱਟ ਗਈ ਹੈ ਅਤੇ ਅਸੀਂ ਹੁਣ ਇਸ ਨੂੰ ਖਤਮ ਕਰਨ ਦੇ ਨੇੜੇ ਹਾਂ।"

ਉਨ੍ਹਾਂ ਕਿਹਾ ਕਿ ਰਾਸ਼ਟਰੀ ਸੁਰੱਖਿਆ ਵਿੱਚ ਸੀਆਰਪੀਐੱਫ ਦਾ ਯੋਗਦਾਨ ਬੇਮਿਸਾਲ ਹੈ, ਭਾਵੇਂ ਉਹ ਕਸ਼ਮੀਰ ਘਾਟੀ ਵਿੱਚ ਅਤਿਵਾਦੀਆਂ ਨਾਲ ਲੜਨਾ ਹੋਵੇ, ਉੱਤਰ-ਪੂਰਬ ਵਿੱਚ ਸ਼ਾਂਤੀ ਯਕੀਨੀ ਬਣਾਉਣਾ ਹੋਵੇ, ਜਾਂ ਅੱਜ ਸਿਰਫ ਚਾਰ ਜ਼ਿਲ੍ਹਿਆਂ ਤੱਕ ਕੱਟੜ ਨਕਸਲੀਆਂ ਨੂੰ ਸੀਮਤ ਕਰਨਾ ਹੋਵੇ।

ਉਨ੍ਹਾਂ ਕਿਹਾ, "ਇਨ੍ਹਾਂ ਸਾਰੀਆਂ ਪ੍ਰਾਪਤੀਆਂ ਵਿੱਚ, ਸੀਆਰਪੀਐੱਫ ਜਵਾਨਾਂ ਨੇ ਇੱਕ ਵੱਡੀ ਭੂਮਿਕਾ ਨਿਭਾਈ ਹੈ। ਕੋਈ ਵੀ ਕਿਤਾਬ ਉਨ੍ਹਾਂ ਦੀ ਬਹਾਦਰੀ, ਫਰਜ਼ ਦੀ ਭਾਵਨਾ ਅਤੇ ਹਿੰਮਤ ਨਾਲ ਇਨਸਾਫ ਨਹੀਂ ਕਰ ਸਕਦੀ।"

ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵਾਂਸ ਅਗਲੇ ਹਫ਼ਤੇ ਭਾਰਤ ਆਉਣਗੇ

ਨਵੀਂ ਦਿੱਲੀ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵਾਂਸ ਤੇ ਉਨ੍ਹਾਂ ਦੀ ਭਾਰਤੀ ਮੂਲ ਦੀ ਪਤਨੀ ਊਸ਼ਾ 21 ਅਪਰੈਲ ਤੋਂ ਚਾਰ ਦਿਨਾ ਸਰਕਾਰੀ ਦੌਰੇ ਲਈ ਭਾਰਤ ਆਉਣਗੇ। ਉਪ ਰਾਸ਼ਟਰਪਤੀ ਤੇ ਉਨ੍ਹਾਂ ਦਾ ਪਰਿਵਾਰ ਆਪਣੀ ਇਸ ਫੇਰੀ ਦੌਰਾਨ ਜੈਪੁਰ ਤੇ ਆਗਰਾ ਵੀ ਜਾਵੇਗਾ। ਭਾਰਤ ਵਿਚ ਆਪਣੀ ਠਹਿਰ ਦੌਰਾਨ ਵਾਂਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮਿਲਣਗੇ। ਅਮਰੀਕੀ ਉਪ ਰਾਸ਼ਟਰਪਤੀ ਅਜਿਹੇ ਮੌਕੇ ਭਾਰਤ ਆ ਰਹੇ ਹਨ ਜਦੋਂ ਦੋਵਾਂ ਮੁਲਕਾਂ ਦਰਮਿਆਨ ਵਪਾਰ ਸਮਝੌਤੇ ਨੂੰ ਲੈ ਕੇ ਗੱਲਬਾਤ ਜਾਰੀ ਹੈ।

ਸ੍ਰੀ ਮੋਦੀ ਨਾਲ ਮੁਲਾਕਾਤ ਭਾਵੇਂ ਅਧਿਕਾਰਤ ਰੁਝੇਵਾਂ ਹੋਵੇਗਾ ਜਦੋਂਕਿ ਭਾਰਤ ਦੇ ਹੋਰਨਾਂ ਹਿੱਸਿਆਂ ਦੀ ਫੇਰੀ 'ਨਿੱਜੀ' ਰਹੇਗੀ। ਵਾਂਸ ਪਰਿਵਾਰ, ਜਿਨ੍ਹਾਂ ਵਿਚ ਉਨ੍ਹਾਂ ਦੇ ਤਿੰਨ ਬੱਚੇ ਵੀ ਸ਼ਾਮਲ ਹਨ, ਦੇ ਆਗਰਾ ਵਿਚ ਤਾਜ ਮਹਿਲ ਜਾਣ ਦੀ ਵੀ ਉਮੀਦ ਹੈ। ਇਸ ਤੋਂ ਇਲਾਵਾ ਅਮਰੀਕੀ ਉਪ ਰਾਸ਼ਟਰਪਤੀ ਦਾ ਪਰਿਵਾਰ ਕਈ ਸਭਿਆਚਾਰਕ ਰੁਝੇਵਿਆਂ ਵਿਚ ਵੀ ਸ਼ਾਮਲ ਹੋਵੇਗਾ।

ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਦੌਰਾ 'ਦੋਵਾਂ ਧਿਰਾਂ ਨੂੰ ਦੁਵੱਲੇ ਸਬੰਧਾਂ ਵਿੱਚ ਪ੍ਰਗਤੀ ਅਤੇ 13 ਫਰਵਰੀ ਨੂੰ ਜਾਰੀ ਕੀਤੇ ਗਏ ਭਾਰਤ-ਅਮਰੀਕਾ ਸਾਂਝੇ ਬਿਆਨ ਦੇ ਨਤੀਜਿਆਂ ਨੂੰ ਲਾਗੂ ਕਰਨ ਦੀ ਸਮੀਖਿਆ ਕਰਨ ਦਾ ਮੌਕਾ ਪ੍ਰਦਾਨ ਕਰੇਗਾ।' ਇਹ ਬਿਆਨ, ਜਿਸ ਵਿੱਚ ਵਪਾਰਕ ਸਬੰਧਾਂ 'ਤੇ ਜ਼ੋਰ ਦਿੱਤਾ ਗਿਆ ਸੀ, ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਮੁਲਾਕਾਤ ਤੋਂ ਬਾਅਦ ਜਾਰੀ ਕੀਤਾ ਗਿਆ ਸੀ।

ਹਾਲੀਆ ਹਫ਼ਤਿਆਂ ਵਿੱਚ ਟਰੰਪ ਪ੍ਰਸ਼ਾਸਨ ਦਾ ਦੂਜਾ ਉੱਚ-ਪੱਧਰੀ ਭਾਰਤ ਦੌਰਾ ਹੈ। ਮਾਰਚ ਵਿੱਚ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਤੁਲਸੀ ਗਬਾਰਡ ਨੇ ਨਵੀਂ ਦਿੱਲੀ ਦਾ ਦੌਰਾ ਕੀਤਾ ਸੀ। ਵਾਂਸ ਦੀ ਫੇਰੀ ਦੇ ਨਾਲ ਹੀ, ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਮਾਈਕ ਵਾਲਟਜ਼ ਦੇ ਵੀ ਭਾਰਤ ਆਉਣ ਦੀ ਉਮੀਦ ਹੈ। ਵਾਲਟਜ਼ ਆਪਣੇ ਭਾਰਤੀ ਹਮਰੁਤਬਾ ਅਜੀਤ ਡੋਵਾਲ ਨਾਲ ਮੁਲਾਕਾਤ ਕਰਨਗੇ ਅਤੇ ਅਨੰਤ ਸੈਂਟਰ ਦੁਆਰਾ ਆਯੋਜਿਤ ਇੰਡੋ-ਯੂਐਸ ਫੋਰਮ ਨੂੰ ਸੰਬੋਧਨ ਕਰਨਗੇ।

ਛੱਤੀਸਗੜ੍ਹ: 22 ਨਕਸਲੀ ਵਿਸਫੋਟਕ ਸਮੇਤ ਗ੍ਰਿਫ਼ਤਾਰ

ਬੀਜਾਪੁਰ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿਚ ਤਿੰਨ ਥਾਵਾਂ 'ਤੇ 22 ਨਕਸਲੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਤੋਂ ਵਿਸਫੋਟਕ ਸਮੱਗਰੀ ਜ਼ਬਤ ਕੀਤੀ ਗਈ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਕੋਬਰਾ (ਕਮਾਂਡੋ ਬਟਾਲੀਅਨ ਫਾਰ ਰੈਜ਼ੋਲਿਊਟ ਐਕਸ਼ਨ-ਸੀ.ਆਰ.ਪੀ.ਐਫ. ਦੀ ਇਕ ਵਿਸ਼ੇਸ਼ ਇਕਾਈ) ਅਤੇ ਸਥਾਨਕ ਪੁਲੀਸ ਦੀ ਇਕ ਸਾਂਝੀ ਟੀਮ ਖੇਤਰ ਵਿਚ ਮੁਹਿਮ 'ਤੇ ਸੀ, ਜਿਸ ਦੌਰਾਨ ਮੰਗਲਵਾਰ ਨੂੰ ਉਸੂਰ ਪੁਲੀਸ ਸਟੇਸ਼ਨ ਖੇਤਰ ਦੇ ਅਧੀਨ ਟੇਕਮੇਟਲਾ ਪਿੰਡ ਦੇ ਨੇੜੇ ਇੱਕ ਜੰਗਲ ਤੋਂ ਸੱਤ ਹੇਠਲੇ ਪੱਧਰ ਦੇ ਕੈਡਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਜੰਗਲਾ ਪੁਲੀਸ ਸਟੇਸ਼ਨ ਸੀਮਾ ਦੇ ਅਧੀਨ ਬੇਲਚਰ ਪਿੰਡ ਦੇ ਕਿਲ੍ਹਿਆਂ ਤੋਂ ਛੇ ਹੋਰ ਨਕਸਲੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਕਿ ਨੇਲਸਨਰ ਪੁਲੀਸ ਸਟੇਸ਼ਨ ਖੇਤਰ ਦੇ ਅਧੀਨ ਕੰਡਾਕਰਕਾ ਪਿੰਡ ਦੇ ਜੰਗਲ ਤੋਂ ਨੌਂ ਕੈਡਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਦੋਵਾਂ ਕਾਰਵਾਈਆਂ ਵਿਚ ਸੁਰੱਖਿਆ ਕਰਮਚਾਰੀਆਂ ਦੀਆਂ ਵੱਖ-ਵੱਖ ਸਾਂਝੀਆਂ ਟੀਮਾਂ ਸ਼ਾਮਲ ਸਨ।

ਖੇਡ ਐਸੋਸੀਏਸ਼ਨਾਂ 'ਚ ਖੇਡਾਂ ਨੂੰ ਛੱਡ ਕੇ ਬਾਕੀ ਸਭ ਕੁਝ ਹੋ ਰਿਹੈ: ਸੁਪਰੀਮ ਕੋਰਟ

ਸਿਖਰਲੀ ਕੋਰਟ ਨੇ ਖੇਡ ਐਸੋਸੀਏਸ਼ਨਾਂ ਦੇ ਮਾਮਲਿਆਂ ਦੀ ਜਾਂਚ ਲਈ ਕਮਿਸ਼ਨ ਬਣਾਉਣ ਦਾ ਕੀਤਾ ਇਸ਼ਾਰਾ

ਨਵੀਂ ਦਿੱਲੀ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਵੀਰਵਾਰ ਨੂੰ ਦੇਸ਼ ਵਿੱਚ ਖੇਡ ਐਸੋਸੀਏਸ਼ਨਾਂ ਦੇ ਮਾਮਲਿਆਂ ਦੀ 'ਡੂੰਘੀ ਜਾਂਚ' ਲਈ ਜਾਂਚ ਕਮਿਸ਼ਨ ਬਣਾਉਣ ਦਾ ਇਸ਼ਾਰਾ ਕੀਤਾ ਹੈ। ਸਿਖਰਲੀ ਕੋਰਟ ਨੇ ਕਿਹਾ ਕਿ ਇਨ੍ਹਾਂ ਐਸੋਸੀਏਸ਼ਨਾਂ ਵਿਚ ਖੇਡ ਸਰਗਰਮੀਆਂ ਨੂੰ ਛੱਡ ਕੇ 'ਹਰ ਤਰ੍ਹਾਂ ਦੀਆਂ ਚੀਜ਼ਾਂ ਹੋ ਰਹੀਆਂ ਹਨ'। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਐਨ. ਕੋਟੀਸ਼ਵਰ ਸਿੰਘ ਦਾ ਬੈਂਚ ਦੋ ਕੌਮੀ ਕਬੱਡੀ ਖਿਡਾਰੀਆਂ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ ਜਿਸ ਵਿੱਚ ਕੋਰਟ ਨੇ ਪਹਿਲਾਂ ਐਮੇਚਿਓਰ ਕਬੱਡੀ ਫੈਡਰੇਸ਼ਨ ਆਫ ਇੰਡੀਆ (AKFI) ਅਤੇ ਕੌਮਾਂਤਰੀ ਕਬੱਡੀ ਫੈਡਰੇਸ਼ਨ ਦੇ ਮਾਮਲਿਆਂ ਦੀ ਸੀਬੀਆਈ ਜਾਂਚ ਲਈ ਵਿਚਾਰ ਮੰਗੇ ਸਨ। ਬੈਂਚ ਨੇ ਕਿਹਾ, "ਅਸੀਂ ਕਬੱਡੀ ਐਸੋਸੀਏਸ਼ਨਾਂ ਦੇ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਲਈ ਇੱਕ ਜਾਂਚ ਕਮਿਸ਼ਨ ਨਿਯੁਕਤ ਕਰਨ ਲਈ ਤਿਆਰ ਹਾਂ ਕਿਉਂਕਿ ਖੇਡ ਸਰਗਰਮੀਆਂ ਤੋਂ ਇਲਾਵਾ ਇਨ੍ਹਾਂ ਸੰਸਥਾਵਾਂ ਵਿੱਚ ਹਰ ਤਰ੍ਹਾਂ ਦੀਆਂ ਚੀਜ਼ਾਂ ਹੋ ਰਹੀਆਂ ਹਨ। ਅਸੀਂ ਜਾਂਚ ਕਮਿਸ਼ਨ ਦੇ ਦਾਇਰੇ ਨੂੰ ਹੋਰ ਖੇਡ ਐਸੋਸੀਏਸ਼ਨਾਂ ਤੱਕ ਵਧਾਉਣ ਦਾ ਵੀ ਇਰਾਦਾ ਰੱਖਦੇ ਹਾਂ।"

ਕੇਂਦਰ ਵੱਲੋਂ ਪੇਸ਼ ਹੋਏ ਵਧੀਕ ਸੌਲੀਸਿਟਰ ਜਨਰਲ ਕੇ.ਐਮ. ਨਟਰਾਜ ਨੇ ਕਿਹਾ ਕਿ ਬੈਂਚ ਦੇ 4 ਫਰਵਰੀ ਦੇ ਹੁਕਮਾਂ ਅਨੁਸਾਰ, ਖਿਡਾਰੀਆਂ ਨੂੰ ਇਰਾਨ ਵਿੱਚ ਟੂਰਨਾਮੈਂਟ ਲਈ ਭੇਜਿਆ ਗਿਆ ਸੀ, ਜਿੱਥੇ ਉਨ੍ਹਾਂ ਨੇ ਜਿੱਤ ਪ੍ਰਾਪਤ ਕੀਤੀ ਅਤੇ ਸੋਨ ਤਗਮਾ ਜਿੱਤਿਆ। ਨਟਰਾਜ ਨੇ ਕਿਹਾ ਕਿ ਜਿੱਥੋਂ ਤੱਕ ਸੀਬੀਆਈ ਜਾਂਚ ਦਾ ਸਵਾਲ ਹੈ ਤਾਂ ਇਸ ਬਾਰੇ ਰੂਪ-ਰੇਖਾ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਇਸ 'ਤੇ ਕੰਮ ਕਰਨ ਲਈ ਦੋ ਹੋਰ ਹਫ਼ਤੇ ਮੰਗੇ, ਜਿਸ ਤੋਂ ਬਾਅਦ ਬੈਂਚ ਨੇ ਕਿਹਾ ਕਿ ਉਹ ਦੇਸ਼ ਦੇ ਸਾਰੇ ਰਾਜ ਅਤੇ ਅੰਤਰਰਾਸ਼ਟਰੀ ਖੇਡ ਸੰਘਾਂ ਦੇ ਮਾਮਲਿਆਂ ਦੀ ਜਾਂਚ ਕਰੇਗਾ ਅਤੇ ਜੇਕਰ ਲੋੜ ਪਈ ਤਾਂ ਉਨ੍ਹਾਂ ਨੂੰ ਭੰਗ ਕਰ ਦੇਵੇਗਾ।

ਈਰਾਨ ਅਤੇ ਅਮਰੀਕਾ ਵਿਚਕਾਰ ਗੱਲਬਾਤ 'ਬਹੁਤ ਮਹੱਤਵਪੂਰਨ' ਪੜਾਅ 'ਤੇ ਹੈ: ਪਰਮਾਣੂ ਨਿਗਰਾਨੀ ਸਮੂਹ ਮੁਖੀ

ਦੁਬਈ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੰਯੁਕਤ ਰਾਸ਼ਟਰ ਦੇ ਪਰਮਾਣੂ ਨਿਗਰਾਨੀ ਸੰਸਥਾ ਦੇ ਮੁਖੀ ਨੇ ਵੀਰਵਾਰ ਨੂੰ ਇਸਲਾਮੀ ਗਣਰਾਜ ਦੇ ਦੌਰੇ ਦੌਰਾਨ ਕਿਹਾ ਕਿ ਤਹਿਰਾਨ ਦੇ ਤੇਜ਼ੀ ਨਾਲ ਵਧ ਰਹੇ ਪਰਮਾਣੂ ਪ੍ਰੋਗਰਾਮ ਤੇ ਈਰਾਨ ਅਤੇ ਅਮਰੀਕਾ ਵਿਚਕਾਰ ਗੱਲਬਾਤ ਬਹੁਤ ਮਹੱਤਵਪੂਰਨ ਪੜਾਅ 'ਤੇ ਹੈ। ਤਹਿਰਾਨ ਵਿਚ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ ਦੇ ਰਾਫੇਲ ਮਾਰੀਆਨੋ ਗ੍ਰੋਸੀ ਦੀਆਂ ਟਿੱਪਣੀਆਂ ਵਿਚ ਇਕ ਪੁਸ਼ਟੀ ਸ਼ਾਮਲ ਸੀ ਕਿ ਜੇ ਕੋਈ ਸਮਝੌਤਾ ਹੋ ਜਾਂਦਾ ਹੈ ਤਾਂ ਈਰਾਨ ਵੱਲੋਂ ਪਾਲਣਾ ਦੀ ਪੁਸ਼ਟੀ ਕਰਨ ਵਿਚ ਉਨ੍ਹਾਂ ਦੀ ਏਜੰਸੀ ਸੰਭਾਵਿਤ ਤੌਰ 'ਤੇ ਮਹੱਤਵਪੂਰਨ ਹੋਵੇਗੀ।

ਪਿਛਲੇ ਹਫਤੇ ਦੇ ਅੰਤ ਵਿਚ ਓਮਾਨ ਵਿਚ ਹੋਈ ਪਹਿਲੀ ਮੀਟਿੰਗ ਤੋਂ ਬਾਅਦ ਈਰਾਨ ਅਤੇ ਅਮਰੀਕਾ ਸ਼ਨਿੱਚਰਵਾਰ ਨੂੰ ਰੋਮ ਵਿਚ ਇਕ ਨਵੇਂ ਦੌਰ ਦੀ ਗੱਲਬਾਤ ਲਈ ਦੁਬਾਰਾ ਮਿਲਣਗੇ। ਉਧਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਰ-ਵਾਰ ਧਮਕੀ ਦਿੱਤੀ ਹੈ ਕਿ ਜੇਕਰ ਕੋਈ ਸਮਝੌਤਾ ਨਹੀਂ ਹੁੰਦਾ ਹੈ ਤਾਂ ਉਹ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਨਿਸ਼ਾਨਾ ਬਣਾ ਕੇ ਹਵਾਈ ਹਮਲੇ ਕਰਨਗੇ। ਈਰਾਨੀ ਅਧਿਕਾਰੀ ਲਗਾਤਾਰ ਚੇਤਾਵਨੀ ਦੇ ਰਹੇ ਹਨ ਕਿ ਉਹ ਹਥਿਆਰਾਂ ਦੇ ਪੱਧਰ ਦੇ ਨੇੜੇ ਯੂਰੇਨੀਅਮ ਦੇ ਭੰਡਾਰ ਨਾਲ ਪ੍ਰਮਾਣੂ ਹਥਿਆਰ ਬਣਾ ਸਕਦੇ ਹਨ।

'ਮਹੱਤਵਪੂਰਨ' ਈਰਾਨ-ਅਮਰੀਕਾ ਗੱਲਬਾਤ ਦੌਰਾਨ ਗ੍ਰੋਸੀ ਬੁੱਧਵਾਰ ਰਾਤ ਨੂੰ ਈਰਾਨ ਪਹੁੰਚੇ ਅਤੇ ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨਾਲ ਮੁਲਾਕਾਤ ਕੀਤੀ। ਵੀਰਵਾਰ ਨੂੰ ਗ੍ਰੋਸੀ ਨੇ ਈਰਾਨ ਦੇ ਪਰਮਾਣੂ ਊਰਜਾ ਸੰਗਠਨ ਦੇ ਮੁ

ਦੇਸ਼ 'ਚ ਪ੍ਰਤੀ 10 ਲੱਖ ਦੀ ਆਬਾਦੀ 'ਤੇ ਸਿਰਫ 15 ਜੱਜ

ਏਜੰਸੀਆਂ

ਨਵੀਂ ਦਿੱਲੀ 18 ਅਪ੍ਰੈਲ। ਦੇਸ਼ 'ਚ ਪ੍ਰਤੀ 10 ਲੱਖ ਦੀ ਆਬਾਦੀ 'ਤੇ ਸਿਰਫ 15 ਜੱਜ ਹਨ, ਜੋ ਲਾਅ ਕਮਿਸ਼ਨ ਦੀ ਪ੍ਰਤੀ 10 ਲੱਖ ਦੀ ਆਬਾਦੀ 'ਤੇ 50 ਜੱਜਾਂ ਦੀ ਸਿਫਾਰਿਸ਼ ਤੋਂ ਬਹੁਤ ਦੂਰ ਹੈ। ਮੰਗਲਵਾਰ ਨੂੰ ਜਾਰੀ 'ਇੰਡੀਆ ਜਸਟਿਸ ਸਿਸਟਮ ਰਿਪੋਰਟ 2025' 'ਚ ਇਹ

ਜਾਣਕਾਰੀ ਸਾਹਮਣੇ ਆਈ ਹੈ। ਰਿਪੋਰਟ ਮੁਤਾਬਕ, "1.4 ਅਰਬ ਲੋਕਾਂ ਲਈ ਭਾਰਤ 'ਚ 21,285 ਜੱਜ ਹਨ। ਰਿਪੋਰਟ ਮੁਤਾਬਕ, ਹਾਈ ਕੋਰਟਾਂ 'ਚ ਖਾਲੀ ਅਸਾਮੀਆਂ ਕੁੱਲ ਮਨਜ਼ੂਰਸ਼ੁਦਾ ਅਸਾਮੀਆਂ ਦਾ 33 ਫ਼ੀਸਦੀ ਸਨ। ਰਿਪੋਰਟ 'ਚ 2025 'ਚ 21 ਫ਼ੀਸਦੀ ਖਾਲੀ ਅਸਾਮੀਆਂ ਦਾ ਦਾਅਵਾ ਕੀਤਾ ਗਿਆ, ਜੋ ਮੌਜੂਦਾ ਜੱਜਾਂ ਲਈ ਕੰਮ ਦੇ ਜ਼ਿਆਦਾ ਭਾਰ ਨੂੰ ਦਰਸਾਉਂਦਾ ਹੈ। ਰਿਪੋਰਟ 'ਚ ਦੱਸਿਆ ਗਿਆ, "ਰਾਸ਼ਟਰੀ ਪੱਧਰ 'ਤੇ ਜ਼ਿਲਾ ਅਦਾਲਤਾਂ 'ਚ ਪ੍ਰਤੀ ਜੱਜ ਕੰਮ ਦਾ ਔਸਤ ਭਾਰ 2,200 ਮਾਮਲੇ ਹਨ। ਇਲਾਹਾਬਾਦ ਅਤੇ ਮੱਧ ਪ੍ਰਦੇਸ਼ ਹਾਈ ਕੋਰਟਾਂ 'ਚ ਪ੍ਰਤੀ ਜੱਜ ਮੁਕੱਦਮਿਆਂ ਦਾ ਬੋਝ 15,000 ਹੈ। ਰਿਪੋਰਟ ਮੁਤਾਬਕ, ਦਿੱਲੀ ਦੀਆਂ ਜ਼ਿਲਾ ਅਦਾਲਤਾਂ ਦੇਸ਼ 'ਚ ਸਭ ਤੋਂ ਘੱਟ ਖਾਲੀ ਅਸਾਮੀਆਂ ਵਾਲੀਆਂ ਕਾਨੂੰਨੀ ਬ੍ਰਾਂਚਾਂ 'ਚੋਂ ਹਨ, ਜਿੱਥੇ 11 ਫ਼ੀਸਦੀ ਖਾਲੀ ਅਸਾਮੀਆਂ ਅਤੇ 45 ਫ਼ੀਸਦੀ ਮਹਿਲਾਵਾਂ ਜੱਜ ਹਨ। ਰਿਪੋਰਟ 'ਚ ਦੱਸਿਆ ਗਿਆ ਕਿ ਜ਼ਿਲਾ ਅਦਾਲਤ 'ਚ, ਸਿਰਫ 5 ਫ਼ੀਸਦੀ ਜੱਜ ਅਨੁਸੂਚਿਤ ਜਨਜਾਤੀ (ਐੱਸ. ਟੀ.) ਤੋਂ ਅਤੇ 14 ਫ਼ੀਸਦੀ ਅਨੁਸੂਚਿਤ ਜਾਤੀ (ਐੱਸ. ਸੀ.) ਤੋਂ ਹਨ। ਸਾਲ 2018 ਤੋਂ ਨਿਯੁਕਤ ਹਾਈ ਕੋਰਟਾਂ ਦੇ 698 ਜੱਜਾਂ 'ਚੋਂ ਸਿਰਫ 37 ਜੱਜ ਐੱਸ. ਸੀ. ਅਤੇ ਐੱਸ. ਟੀ. ਸ਼੍ਰੇਣੀਆਂ ਤੋਂ ਹਨ। ਰਿਪੋਰਟ ਮੁਤਾਬਕ, ਜ਼ਿਲਾ ਅਦਾਲਤਾਂ 'ਚ ਮਹਿਲਾ ਜੱਜਾਂ ਦੀ ਕੁੱਲ ਹਿੱਸੇਦਾਰੀ 2017 'ਚ 30 ਫ਼ੀਸਦੀ ਤੋਂ ਵਧ ਕੇ 38.3 ਫ਼ੀਸਦੀ ਹੋ ਗਈ ਹੈ ਅਤੇ 2025 'ਚ ਹਾਈ ਕੋਰਟਾਂ 'ਚ ਇਹ 11.4 ਫ਼ੀਸਦੀ ਤੋਂ ਵਧ ਕੇ 14 ਫ਼ੀਸਦੀ ਹੋ ਗਈ ਹੈ। ਰਿਪੋਰਟ 'ਚ ਦੱਸਿਆ ਗਿਆ, "ਹਾਈ ਕੋਰਟਾਂ ਅਤੇ ਸੁਪਰੀਮ ਕੋਰਟ (6 ਫ਼ੀਸਦੀ) ਦੇ ਮੁਕਾਬਲੇ ਜ਼ਿਲਾ ਅਦਾਲਤਾਂ 'ਚ ਮਹਿਲਾ ਜੱਜਾਂ ਦੀ ਹਿੱਸੇਦਾਰੀ ਜ਼ਿਆਦਾ ਹੈ। ਮੌਜੂਦਾ ਸਮੇਂ 'ਚ, 25 ਹਾਈ ਕੋਰਟਾਂ 'ਚ ਸਿਰਫ ਇਕ ਮਹਿਲਾ ਚੀਫ ਜਸਟਿਸ ਹੈ।

ਲੋਕਬੰਧੂ ਹਸਪਤਾਲ ਅਗਨੀ ਕਾਂਡ: 1 ਮਰੀਜ਼ ਦੀ ਮੌਤ, 200 ਤੋਂ ਵੱਧ ਮਰੀਜ਼ ਦੂਜੇ ਹਸਪਤਾਲਾਂ 'ਚ ਸ਼ਿਫਟ

ਸਰਦੂਲ ਸਿੰਘ

ਨੈਸ਼ਨਲ ਡੈਸਕ 18 ਅਪ੍ਰੈਲ। ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਲੋਕਬੰਧੂ ਹਸਪਤਾਲ ਵਿੱਚ ਸੋਮਵਾਰ ਰਾਤ ਨੂੰ ਭਿਆਨਕ ਅੱਗ ਲੱਗ ਗਈ ਸੀ, ਜਿਸ ਕਾਰਨ ਹਸਪਤਾਲ 'ਚ ਹਫੜਾ-ਦਫੜੀ ਮੱਚ ਗਈ। ਘਟਨਾ ਤੋਂ ਬਾਅਦ ਲੋਕ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਨੂੰ ਬਚਾਉਣ ਲਈ ਇਕੱਠੇ ਹੋ ਗਏ। ਸਾਰੇ ਮਰੀਜ਼ਾਂ ਨੂੰ ਹਸਪਤਾਲ ਵਿੱਚੋਂ ਬਾਹਰ ਕੱਢਣ ਲਈ ਸੇਵਾਦਾਰਾਂ, ਸਿਹਤ ਕਰਮਚਾਰੀਆਂ, ਪੁਲਸ ਅਤੇ ਫਾਇਰ ਬ੍ਰਿਗੇਡ ਵਾਲਿਆਂ ਨੇ ਸਖ਼ਤ ਮਿਹਨਤ ਕੀਤੀ। ਇਸ ਦੌਰਾਨ ਅੱਗ ਨੂੰ ਹੋਰ ਖ਼ਤਰਨਾਕ ਹੁੰਦਾ ਦੇਖ ਕੇ ਲੋਕ ਘਬਰਾ ਗਏ। ਅੱਗ ਲੱਗਣ ਦੀ ਘਟਨਾ ਵਿੱਚ 1 ਮਰੀਜ਼ ਦੀ ਮੌਤ ਹੋਣ ਦੀ ਖ਼ਬਰ ਮਿਲੀ ਹੈ। ਅੱਗ ਨੂੰ ਫੈਲਣ ਤੋਂ ਰੋਕਣ ਲਈ ਹਸਪਤਾਲ ਦੇ ਅਹਾਤੇ ਦੀ ਬਿਜਲੀ ਸਪਲਾਈ ਕੱਟ ਦਿੱਤੀ ਗਈ। ਲੋਕ ਮੋਬਾਈਲ ਟਾਰਚ ਦੀ ਰੌਸ਼ਨੀ ਵਿੱਚ ਇੱਕ ਦੂਜੇ ਦੀ ਮਦਦ ਕਰਦੇ ਦੇਖੇ ਗਏ। ਅੱਗ ਲੱਗਣ ਨਾਲ ਹਸਪਤਾਲ ਦੇ ਤਿੰਨ ਵਾਰਡ ਪ੍ਰਭਾਵਿਤ ਹੋਏ, ਜਿਨ੍ਹਾਂ ਵਿੱਚ ਆਈ. ਸੀ. ਯੂ. ਵੀ ਸ਼ਾਮਲ ਹੈ। ਇਸ ਦੌਰਾਨ 200 ਤੋਂ ਵੱਧ ਸੁਰੱਖਿਅਤ ਢੰਗ ਨਾਲ ਕੱਢੇ ਗਏ ਮਰੀਜ਼ਾਂ ਨੂੰ ਨੇੜਲੇ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ। ਮੰਗਲਵਾਰ ਸਵੇਰੇ ਹਸਪਤਾਲ ਵਿੱਚ ਚੁੱਪੀ ਹੈ। ਅੱਗ ਲੱਗਣ ਦੇ ਕਾਰਨਾਂ ਅਤੇ ਇਸ ਨਾਲ ਹੋਏ ਨੁਕਸਾਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਅੱਗ ਅਤੇ ਧੂੰਏਂ ਤੋਂ ਬਚਣ ਲਈ ਲੋਕਾਂ ਵਿੱਚ ਭਾਜੜ ਮੱਚ ਗਈ। ਇੰਨਾ ਹੀ ਨਹੀਂ, ਨੇੜਲੇ ਪਿੰਡ ਪਰੀਗਵਾਂ ਦੇ ਲੋਕ ਆਪਣੇ ਪਰਿਵਾਰਾਂ ਸਮੇਤ ਘਰਾਂ ਤੋਂ ਬਾਹਰ ਆ ਗਏ, ਇਸ ਡਰੋਂ ਕਿ ਕਿਤੇ ਅੱਗ ਕਾਰਨ ਹਸਪਤਾਲ ਵਿੱਚ ਆਕਸੀਜਨ ਪਲਾਂਟ ਹੀ ਨਾ ਫਟ ਜਾਵੇ। ਪਿੰਡ ਵਾਸੀ ਡਰ ਦੇ ਸਾਏ ਹੇਠ ਜੀ ਰਹੇ ਸਨ ਅਤੇ ਸੜਕ 'ਤੇ ਇਕੱਠੇ ਹੋ ਗਏ। ਦੇਰ ਰਾਤ ਅੱਗ

ਬੁਝਾਉਣ ਤੋਂ ਬਾਅਦ ਪਿੰਡ ਵਾਸੀਆਂ ਨੇ ਸੁੱਖ ਦਾ ਸਾਹ ਲਿਆ। ਅੱਗ ਲੱਗਣ ਦੀ ਇਹ ਘਟਨਾ ਸੋਮਵਾਰ ਰਾਤ 9.30 ਵਜੇ ਦੇ ਕਰੀਬ ਵਾਪਰੀ। ਹਸਪਤਾਲ ਦੀ ਦੂਜੀ ਮੰਜ਼ਿਲ 'ਤੇ ਅੱਗ ਲੱਗ ਗਈ। ਦੱਸਿਆ ਜਾ ਰਿਹਾ ਹੈ ਕਿ ਇਹ ਅੱਗ ਸ਼ਾਰਟ ਸਰਕਟ ਕਾਰਨ ਹੋਈ ਚੰਗਿਆੜੀ ਕਾਰਨ ਲੱਗੀ। ਕੁਝ ਹੀ ਪਲਾਂ ਵਿੱਚ ਅੱਗ ਦੀਆਂ ਲਪਟਾਂ ਤੇਜ਼ ਹੋ ਗਈਆਂ ਅਤੇ ਹਸਪਤਾਲ ਦਾ ਆਈਸੀਯੂ ਅਤੇ ਫੀਮੇਲ ਮੈਡੀਸਨ ਵਾਰਡ ਇਸਦੀ ਲਪੇਟ ਵਿੱਚ ਆ ਗਿਆ। ਦੋਵਾਂ ਥਾਵਾਂ 'ਤੇ 50 ਤੋਂ ਵੱਧ ਮਰੀਜ਼ ਦਾਖਲ ਸਨ। ਅੱਗ ਲੱਗਦੀ ਦੇਖ ਕੇ ਉਨ੍ਹਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਸਾਰੇ ਮਰੀਜ਼ਾਂ ਨੂੰ ਜਲਦਬਾਜ਼ੀ ਵਿੱਚ ਬਾਹਰ ਕੱਢਿਆ ਗਿਆ। ਉਨ੍ਹਾਂ ਨੂੰ ਕੇਜੀਐੱਮਯੂ ਅਤੇ ਹੋਰ ਹਸਪਤਾਲਾਂ ਵਿੱਚ ਤਬਦੀਲ ਕਰ ਦਿੱਤਾ ਗਿਆ। ਹਸਪਤਾਲ ਵਿੱਚ ਅੱਗ ਲੱਗਣ ਤੋਂ ਬਾਅਦ ਮਰੀਜ਼ਾਂ ਨੂੰ ਸਿਵਲ ਹਸਪਤਾਲ ਵੀ ਲਿਆਂਦਾ ਗਿਆ। ਟਰੌਮਾ ਸੈਂਟਰ ਦੇ ਇੰਚਾਰਜ ਡਾ. ਵਿਪਿਨ ਮਿਸ਼ਰਾ ਨੇ ਦੱਸਿਆ ਕਿ ਪੰਜ ਮਰੀਜ਼ ਆਏ ਹਨ। ਸਾਰੇ ਮਰੀਜ਼ਾਂ ਦੀ ਹਾਲਤ ਸਥਿਰ ਹੈ। ਸਾਰੇ ਵਿਭਾਗਾਂ ਦੇ ਡਾਕਟਰ ਕੰਮ ਕਰ ਰਹੇ ਹਨ। ਇਸ ਦੌਰਾਨ ਸਿਵਲ ਹਸਪਤਾਲ ਦੇ ਡਾਇਰੈਕਟਰ ਰਾਜੇਸ਼ ਸ਼੍ਰੀਵਾਸਤਵ ਨੇ ਕਿਹਾ ਕਿ ਲਗਭਗ 24 ਮਰੀਜ਼ ਆਏ ਹਨ। ਉਨ੍ਹਾਂ ਦੀ ਹਾਲਤ ਸਥਿਰ ਹੈ। ਸਾਰਿਆਂ ਦਾ ਇਲਾਜ ਸ਼ੁਰੂ ਹੋ ਗਿਆ ਹੈ। ਦੋ ਗੰਭੀਰ ਵਿਅਕਤੀਆਂ ਨੂੰ ਆਈਸੀਯੂ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਹਸਪਤਾਲ ਵਿੱਚ ਆਏ ਸਾਰੇ ਲੋਕ ਠੀਕ ਅਤੇ ਸਥਿਰ ਹਨ। ਰਸਤੇ ਵਿੱਚ ਮਰਨ ਵਾਲੇ ਵਿਅਕਤੀ ਦੀ ਲਾਸ਼ ਨੂੰ ਮੁਰਦਾਘਰ ਵਿੱਚ ਰੱਖਿਆ ਗਿਆ ਹੈ ਤਾਂ ਜੋ ਮੌਤ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ। ਅੱਗ ਦੀਆਂ ਲਪਟਾਂ ਦੇ ਨਾਲ-ਨਾਲ ਫੈਲੇ ਧੂੰਏਂ ਕਾਰਨ ਲੋਕਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਆਉਣ ਲੱਗੀ। ਲੋਕਾਂ ਨੇ ਮਰੀਜ਼ਾਂ ਨੂੰ ਬਾਹਰ ਨਿਕਲਣ ਵਿੱਚ ਮਦਦ ਕਰਨੀ ਸ਼ੁਰੂ ਕਰ ਦਿੱਤੀ, ਮਾਸਕ ਪਹਿਨੇ ਅਤੇ ਆਪਣੇ ਮੂੰਹ ਕੱਪੜੇ ਨਾਲ ਢੱਕ ਲਏ। ਹਸਪਤਾਲ ਵਿੱਚ ਦਾਖਲ ਲਗਭਗ 250 ਮਰੀਜ਼ਾਂ ਨੂੰ ਬਾਹਰ ਕੱਢ ਕੇ ਦੂਜੇ ਹਸਪਤਾਲਾਂ ਵਿੱਚ ਭੇਜ ਦਿੱਤਾ ਗਿਆ।

ਭਗੌੜਾ ਦਲ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਆਵੇ : ਬੀਬੀ ਜਗੀਰ ਕੌਰ

ਅੰਮ੍ਰਿਤਸਰ 18 ਅਪ੍ਰੈਲ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ? ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਪਣੀ ਵਾਇਰਲ ਹੋਈ ਵੀਡੀਓ 'ਤੇ ਤਿੱਖੀ ਟਿੱਪਣੀ ਕਰਦਿਆਂ ਇਸ ਨੂੰ ਭਗੋੜੇ ਦਲ ਦੀ ਗਿਰੀ ਹੋਈ ਹਰਕਤ ਦੱਸਿਆ ਹੈ। ਉਨ੍ਹਾਂ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਖ ਮੋੜਨ ਵਾਲੇ ਆਗੂਆਂ ਦੇ ਕਰਿੰਦੇ ਬੀਬੀਆਂ ਦੀ ਕਿਰਦਾਰਕੁਸ਼ੀ 'ਤੇ ਉਤਰ ਆਉਂਣਗੇ , ਇਹ? ਕਦੇ ਨਾ ਤਾਂ ਕਿਸੇ ਪੰਥਪ੍ਰਸਤ ਆਗੂ ਨੇ ਸੋਚਿਆ ਹੋਵੇਗਾ ਅਤੇ ਨਾ ਹੀ ਕਿਸੇ ਆਮ ਸਧਾਰਨ ਬੰਦੇ ਨੇ। ਬੀਬੀ ਜਗੀਰ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਉਨ੍ਹਾਂ ਨੂੰ ਫੋਨ ਕੌਣ ਕਰ ਰਿਹਾ ? ਜਦੋਂ ਇਹ ਫੋਨ ਆਇਆ ਤਾਂ ਮੈਨੂੰ ਪਹਿਲਾਂ ਲੱਗਿਆ ਕਿ ਇਹ ਕੋਈ ਪੁਰਾਣਾ ਅਕਾਲੀ ਵਰਕਰ ਹੋਵੇਗਾ। ਜਿਸ ਦੇ ਪਰਿਵਾਰ ਦੀਆਂ ਕਈ ਪੀੜ੍ਹੀਆਂ ਅਕਾਲੀ ਦਲ 'ਚ ਹੋਣਗੀਆਂ ਅਤੇ ਸਿੱਖੀ ਵਿਰਾਸਤ 'ਚ ਮਿਲੀ ਹੋਊ। ਮੈਨੂੰ ਲੱਗਿਆ ਕਿ ਫੋਨ ਕਰਨ ਵਾਲੇ ਦੇ ਸੋਹਣੀ ਦਾੜੀ ਤੇ ਸੋਹਣੀ ਪੱਗ ਬੰਨੀ ਹੋਊ। ਜਦੋਂ ਉਸ ਨੇ ਅੱਗੋਂ ਬੱਤਮੀਜੀ

ਕਰਨੀ ਸ਼ੁਰੂ ਕੀਤੀ ਤਾਂ ਮੈਨੂੰ ਦੁੱਖ ਹੋਇਆ ਕਿ ਅਕਾਲੀ ਵਰਕਰਾਂ ਨੂੰ ਬੀਬੀਆਂ ਨਾਲ ਗੱਲ ਕਰਨ ਦੀ ਅਕਲ ਭੁੱਲ ਗਈ ਹੈ। ਮੇਰੇ ਮਨ 'ਚ ਅਕਾਲੀ ਕਿਰਦਾਰ ਦੇ ਬੱਲੇ ਜਾਣ ਦੀ ਪੀੜ ਸੀ। ਪਰ ਜਦੋਂ ਇਹ ਵੀਡੀਉ ਵਾਇਰਲ ਹੋਈ ਤਾਂ ਮੈਨੂੰ ਸੁੱਖ ਦਾ ਸਾਹ ਆਇਆ। ਮੈਨੂੰ ਫੇਰ ਪਤਾ ਚੱਲਿਆ ਕਿ ਇਹ ਤਾਂ ਕੋਈ ਘੋਨਾ ਮੋਨਾ ਦਲ ਦਾ ਵਰਕਰ ਮੈਨੂੰ ਫੋਨ ਕਰ ਰਿਹਾ ਹੈ। ਜਿਸ ਦੇ ਨਾ ਦਾੜੀ ਹੈ ਨਾ ਪੱਗ। ਇਹ ਅਕਾਲੀ ਨਹੀਂ। ਇਹ ਤਾਂ ਕੋਈ ਅਵਾਰਾ ਸਿਰ ਫਿਰਿਆ ਲੱਗਦਾ ਹੈ, ਜਿਸ ਤੋਂ ਇਹ ਉਮੀਦ ਵੀ ਨਹੀਂ ਕੀਤੀ ਜਾ ਸਕਦੀ ਕਿ ਉਹ ਬੀਬੀਆਂ ਨਾਲ ਇੱਜ਼ਤ ਨਾਲ ਗੱਲ ਕਰੇ। ਅਕਾਲੀ ਸੋਚ ਤੇ ਸਮਝ ਤਾਂ ਦੂਰ ਦੀ ਗੱਲ ਹੈ। ਵਰਕਰਾਂ ਦੇ ਨਾਂ 'ਤੇ ਭਗੌੜਾ ਦਲ ਕੋਲ ਇਹੋ ਜਿਹੇ ਲੋਕ ਹੀ ਬਚੇ ਨੇ ਇਨ੍ਹਾਂ ਦੇ ਸਿਰ 'ਤੇ ਚੜ੍ਹ ਕੇ ਹੀ ਅਕਾਲੀ ਦਲ ਇੱਕ ਸੀਟ 'ਤੇ ਪਹੁੰਚਿਆ ਹੈ।

ਕਲਯੁੱਗੀ ਪੁੱਤ ਨੇ ਕੁਹਾੜੀ ਨਾਲ ਵੱਢ ਕੇ ਮਾਰ'ਤੀ ਮਾਂ, ਕੋਰਟ ਨੇ ਸੁਣਾਈ ਉਮਰ ਕੈਦ

ਦਰਭੰਗਾ 18 ਅਪ੍ਰੈਲ। ਬਿਹਾਰ ਦੇ ਦਰਭੰਗਾ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਬੁੱਧਵਾਰ ਨੂੰ ਇੱਕ ਕਲਯੁੱਗੀ ਪੁੱਤਰ ਨੂੰ ਆਪਣੀ ਮਾਂ ਦੇ ਕਤਲ ਦੇ ਦੋਸ਼ ਵਿੱਚ ਉਮਰ ਕੈਦ ਅਤੇ ਸਖ਼ਤ ਮਜ਼ਦੂਰੀ ਦੀ ਸਜ਼ਾ ਸੁਣਾਈ ਹੈ। ਜ਼ਿਲ੍ਹਾ ਅਤੇ ਵਧੀਕ ਸੈਸ਼ਨ ਜੱਜ ਸੁਮਨ ਕੁਮਾਰ ਦਿਵਾਕਰ ਦੀ ਅਦਾਲਤ ਨੇ ਅਸ਼ੋਕ ਪੇਪਰ ਮਿੱਲ ਥਾਣਾ ਖੇਤਰ ਦੇ ਵਿਸਾਈਪੱਟੀ ਪਿੰਡ ਦੇ ਵਸਨੀਕ ਕਲਯੁਗੀ ਦੇ ਪੁੱਤਰ ਸਮੀਦ ਨਦਾਫ ਨੂੰ ਆਪਣੀ ਮਾਂ ਦੇ ਬੇਰਹਿਮੀ ਨਾਲ ਕਤਲ ਦੇ ਦੋਸ਼ ਵਿੱਚ ਭਾਰਤੀ ਦੰਡਾਵਲੀ ਦੀ ਧਾਰਾ 302 (ਕਤਲ) ਦੇ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਸਹਾਇਕ ਸਰਕਾਰੀ ਵਕੀਲ ਰੇਣੂ ਝਾਅ, ਜੋ ਇਸਤਗਾਸਾ ਪੱਖ ਦੀ ਪੈਰਵੀ ਕਰ ਰਹੇ ਹਨ, ਨੇ ਕਿਹਾ ਕਿ 13 ਜੂਨ, 2018 ਦੀ ਰਾਤ ਨੂੰ, ਬਿਸਾਈਪੱਟੀ ਪਿੰਡ ਵਿੱਚ ਆਪਣੇ ਘਰ ਵਿੱਚ ਸੁੱਤੀ ਪਈ 61 ਸਾਲਾ ਜ਼ੈਤੂਨ ਖਾਤੂਨ, ਦਾ ਉਸਦੇ ਪੁੱਤਰ ਨੇ ਕੁਹਾੜੀ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਇਸਦੀ ਐੱਫਆਈਆਰ ਮ੍ਰਿਤਕ ਦੇ ਪੁੱਤਰ ਮੁਹੰਮਦ ਨੇ ਦਰਜ ਕਰਵਾਈ ਸੀ। ਸੌਕਤ ਨਦਾਫ ਨੇ ਅਸ਼ੋਕ ਪੇਪਰ ਮਿੱਲ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ। ਚਾਰਜਸ਼ੀਟ ਤੋਂ ਬਾਅਦ, ਇਸਦੀ ਸੁਣਵਾਈ ਸੈਸ਼ਨ ਕੇਸ ਨੰਬਰ 514/18 ਅਧੀਨ ਅਦਾਲਤ ਵਿੱਚ ਚੱਲ ਰਹੀ ਸੀ। ਸਰਕਾਰੀ ਮੁਲਾਜ਼ਮਾਂ ਦੀਆਂ ਲੱਗ ਗਈਆਂ ਮੌਜਾਂ! 41 'ਚ ਹੋਇਆ ਵਾਧਾ, ਜਾਣੋਂ ਕਿੰਨੀ ਵਧੀ ਤਨਖਾਹ ਬੁੱਧਵਾਰ ਨੂੰ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਸੁਮਨ ਕੁਮਾਰ ਦਿਵਾਕਰ ਨੇ ਦੋਸ਼ੀ ਐਲਾਨੇ ਗਏ ਦੋਸ਼ੀ ਦੀ ਸਜ਼ਾ ਨਿਰਧਾਰਤ ਕਰਨ ਦੇ ਨੁਕਤੇ 'ਤੇ ਪੂਰੀ ਸੁਣਵਾਈ ਤੋਂ ਬਾਅਦ ਅਤੇ ਰਿਕਾਰਡ 'ਤੇ ਉਪਲਬਧ ਸਬੂਤਾਂ ਨੂੰ ਦੇਖਦੇ ਹੋਏ, ਕਾਤਲ ਪੁੱਤਰ ਸਮੀਦ ਨਦਾਫ ਨੂੰ 10,000 ਰੁਪਏ ਜੁਰਮਾਨੇ ਦੇ ਨਾਲ ਸਖਤ ਉਮਰ ਕੈਦ ਦੀ ਸਜ਼ਾ ਸੁਣਾਈ।

ਪੰਜਾਬ ਦੀ ਸਮੁੱਚੀ ਕਾਂਗਰਸ ਬਾਜਵਾ ਨਾਲ ਚੱਟਾਨ ਵਾਂਗ ਖੜ੍ਹੀ : ਰਾਜਾ ਵੜਿੰਗ

ਕਿਸ਼ਨ ਪਾਲ

ਹਰਸ਼ਾ ਛੀਨਾ 18 ਅਪ੍ਰੈਲ। ਵਿਧਾਨ ਸਭਾ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਤੇ ਜ਼ਿਲ੍ਹਾ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ ਦੀ ਅਗਵਾਈ ਹੇਠ ਕੁੱਕੜਾਂਵਾਲਾ ਵਿਖੇ 'ਜਿੱਤੇਗਾ ਬਲਾਕ, ਜਿੱਤੇਗੀ ਕਾਂਗਰਸ' ਦੇ ਬੈਨਰ ਹੇਠ ਕਰਵਾਈ ਗਈ ਰੈਲੀ ਦੌਰਾਨ ਬੋਲਦਿਆਂ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਤੇ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਭਗਵੰਤ ਮਾਨ ਦੀ ਸਰਕਾਰ ਵੱਲੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਪਰਚਾ ਦਰਜ ਕਰਨ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਲੋਕਤੰਤਰ ਅੰਦਰ ਹਰ ਇਨਸਾਨ ਨੂੰ ਆਪਣੀ ਗੱਲ ਕਰਨ ਦਾ ਹੱਕ ਜੋ ਸਾਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੱਲੋਂ ਦਿੱਤੇ ਗਏ ਸੰਵਿਧਾਨ ਨੇ ਦਿੱਤਾ ਹੈ। ਜੇਕਰ ਪ੍ਰਤਾਪ ਬਾਜਵਾ ਨੇ ਸਰਕਾਰ ਨੂੰ ਹੈਂਡ ਗ੍ਰੇਨੇਡਾਂ ਬਾਰੇ ਚਤਾਇਆ ਹੈ ਤਾਂ ਉਨ੍ਹਾਂ 'ਤੇ ਪਰਚਾ ਦਰਜ ਕਰ ਦਿੱਤਾ ਗਿਆ ਹੈ ਤੇ ਕੱਲ ਨੂੰ ਪੰਜਾਬ ਦੀ ਸਮੁੱਚੀ ਕਾਂਗਰਸ ਪਾਰਟੀ ਉਨ੍ਹਾਂ ਨੂੰ ਨਾਲ ਲੈ ਕੇ ਮੋਹਾਲੀ ਥਾਣੇ 'ਚ ਪੇਸ਼ੀ ਲਈ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਆਰਥਿਕ ਤੌਰ 'ਤੇ ਕਾਫ਼ੀ ਪੱਛੜ ਗਿਆ

ਹੈ ਤੇ ਪੰਜਾਬ ਸਿਰ ਸਵਾ 400 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਹੈ ਤੇ ਭਗਵੰਤ ਮਾਨ ਦੇ ਮੰਤਰੀ ਸਕੂਲਾਂ 'ਚ ਪਖਾਨਿਆਂ ਦੇ ਉਦਘਾਟਨ ਕਰਨ ਨੂੰ ਵਿਕਾਸ ਸਮਝੀ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ 'ਚ ਅੱਜ ਨਸ਼ੇ, ਗੁੰਡਾਗਰਦੀ ਤੇ ਗੈਂਗਸਟਰਵਾਦ ਪੂਰੀ ਤਰ੍ਹਾਂ ਨਾਲ ਆਪਣੀ ਚਰਮ ਸੀਮਾ 'ਤੇ ਹਨ ਤੇ ਆਏ ਦਿਨ ਕਤਲੋ ਗਾਰਤ, ਲੁੱਟਾਂ-ਖੋਹਾਂ ਆਮ ਗੱਲ ਹੋ ਗਈ ਹੈ ਤੇ ਲੋਕਾਂ ਦਾ ਬਾਹਰ ਨਿਕਲਣਾ ਮੁਹਾਲ ਹੋਇਆ ਪਿਆ ਹੈ। ਉਨ੍ਹਾਂ ਕਾਂਗਰਸੀ ਵਰਕਰਾਂ ਨੂੰ ਕਿਹਾ ਕਿ ਜੇਕਰ 2027 'ਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣੀ ਹੈ ਤੇ ਹੁਣ ਤੋਂ ਹੀ ਬੂਥ